ਕਲਰਕਾਂ ਦੀ ਟ੍ਰੇਨਿੰਗ ਦੌਰਾਨ ਮਿਤੀ **07/05/2018 - 11/05/2018** ਵਿੱਚ ਨੋਟ ਕੀਤੀਆਂ ਗਈਆਂ ਜਰੂਰੀ ਗੱਲਾਂ

# ਸਿਵਲ ਸਰਵਿਸ ਤੇ ਫਾਈਨੈਸ਼ਨ ਰੂਲਜ ਸਬੰਧੀ

ਕਰਮਚਾਰੀਆਂ ਨੂੰ ਚਾਰ ਗਰੁੱਪਾਂ ਵਿੱਚ ਵੰਡਿਆਂ ਗਿਆ ਹੈ । ਏ ਬੀ ਸੀ ਡੀ

**ਸੀਐਸਆਰ ਕਿਸ ਤੇ ਲਾਗੂ ਹੈ ।**

ਸਾਰੇ ਗਰੁੱਪਾਂ ਦੇ ਕਰਮਚਾਰੀ ਏ ਬੀ ਸੀ ਡੀ ਅਤੇ ਬੋਰਡ ਕਾਰਪੋਰੇਸ਼ਨਾਂ ਦੇ ਕਰਮਚਾਰੀ ਜਾਂ ਹੋਰ ਕਰਮਚਾਰੀ ਜੋ ਸਰਕਾਰ ਨਾਲ ਕਿਸੇ ਐਗਰੀਮੈਂਟ ਤੌਰ ਤੇ ਬੱਝੇ ਹਨ । ਪਰੰਤੂ 01012004 ਤੋ ਬਾਅਦ ਵਾਲੇ ਕਰਮਚਾਰੀਆਂ ਤੇ ਪੈਨਸ਼ਨ ਰੂਲਜ ਲਾਗੂ ਨਹੀ ਹਨ

ਪਰੰਤੂ ਸੀਐਸ ਆਰ ਦੇ ਰੂਲਜ ਠੇਕਾ ਅਧਾਰਤ ਕਰਮਚਾਰੀਆਂ , ਰਮਸਾ ਆਦਿਕ ਤੇ ਲਾਗੂ ਨਹੀ ਹਨ। ਉਹਨਾਂ ਤੇ ਉਹਨਾਂ ਦੇ ਅਲੱਗ ਰੂਲਜ ਲਾਗੂ ਹੋਣਗੇ ਜਿਹਨਾਂ ਤੇ ਆਧਾਰ ਤੇ ਉਹਨਾਂ ਨੂੰ ਭਰਤੀ ਕੀਤਾ ਹੈ ।

# ਕਰਮਚਾਰੀਆਂ ਦੀ ਗਰੁੱਪਿੰਗ

ਕਿਸੇ ਵੀ ਕਰਮਚਾਰੀ ਦੀ ਗਰੁੱਪਿੰਗ ਲਈ ਸਾਨੂੰ ਗਰੇਡ ਰੀਵਾਈਜ ਹੋਣ ਤੋ ਪਹਿਲਾਂ ਦੀਆਂ ਤਾਰੀਕਾਂ ਵੱਲ ਦੇਖਣਾ ਪਵੇਗਾ । ਕਿ ਦਸੰਬਰ 2011 ਤੋ ਪਹਿਲਾਂ ਕਰਮਚਾਰੀ 1, 2 , 3 , 4 ਗਰੁੱਪਾਂ ਵਿੱਚ ਵੰਡੇ ਹੋਏ ਸਨ

**ਗਰੁੱਪ 1, ਗਰੁੱਪ 2 , ਗਰੁੱਪ 3, ਗਰੁੱਪ 4**

ਪਰੰਤੂ ਹੁਣ ਕਰਮਚਾਰੀਆਂ ਦੀ ਗਰੁੱਪਿੰਗ ਗਰੇਡ ਪੇ ਦੇ ਆਧਾਰ ਤੇ ਹੋਈ ਹੈ ।

ਜਿਵੇ ਕਿ 1650 ਤੱਕ ਡੀ ਗਰੁੱਪ
**1900 - 3799** ਤੱਕ ਸੀ ਗਰੁੱਪ
3800 ਤੋ 4999 ਤੱਕ ਬੀ ਗਰੁੱਪ
5000 ਤੋ ਉੱਪਰ ਵਾਲੇ ਏ ਗਰੁੱਪ ਵਿੱਚ ਹਨ ।

**ਜੇਕਰ ਐਲ ਟੀਸੀ ਜਾਂ ਟੀਏ ਰੂਲਜ ਦੀ ਗੱਲ ਕਰੀਏ ਤਾਂ ਏ ਬੀ ਸੀ ਡੀ ਦੀ ਗਰੁੱਪਿੰਗ ਦੀ ਗੱਲ ਨਹੀ ਕੀਤੀ ਜਾਂਦੀ ਹੈ ਉੱਥੇ ਗਰੁੱਪ 1, 2, 3, 4 ਦੀ ਗੱਲ ਕੀਤੀ ਜਾਂਦੀ ਹੈ ਅਤੇ ਗਰੇਡ ਪੇ ਦੇਖੀ ਜਾਂਦੀ ਹੈ । ਉਸ ਹਿਸਾਬ ਨਾਲ ਐਲ ਟੀ ਸੀ ਦਾ ਲਾਭ ਦਿੱਤਾ ਜਾਂਦਾ ਹੈ**

ਨੋਟ : ਵਿਧਵਾ ਕੁੜੀ ਪੈਨਸ਼ਨ ਦੀ ਹੱਕਦਾਰ ਨਹੀ ਹੈ । ਭਾਵੇ ਕਿ ਉਹ ਪਰਿਵਾਰ ਦਾ ਹਿੱਸਾ ਹੈ , ਪਰੰਤੂ ਬੈਨੀਫਿਟ ਦੇਣ ਲੱਗਿਆ ਦੇਖਣਾ ਹੈ ਕਿ ਬੈਨੀਫਿਟ ਕਿਸ ਅਧਾਰ ਤੇ ਦੇਣਾ ਹੈ ।

# ਪ੍ਰੋਬੇਸ਼ਨਰ ਸਬੰਧੀ

ਕਿਸੇ ਵੀ ਕਰਮਚਾਰੀ ਦੇ ਪ੍ਰੋਬੇਸ਼ਨਰ ਪੀਰੀਅਡ ਤੇ ਉਸਨੂੰ ਸਿਰਫ ਬੇਸਿਕ ਪੇ ਜਾਂ ਆਈ ਆਰ ਦਾ ਲਾਭ ਹੀ ਮਿਲਣਾ ਹੈ । ਹੋਰ ਭੱਤੇ ਨਹੀ ਮਿਲਣੇ ਹਨ । ਇਸ ਵਿੱਚ ਕਈ ਨੁਕਤੇ ਹਨ

ਜੇਕਰ ਕੋਈ ਕਰਮਚਾਰੀ 15/01/2015 ਤੋ ਬਾਅਦ ਭਰਤੀ ਹੋਇਆ ਹੈ ਤਾਂ ਉਸਨੂੰ ਸਿਰਫ ਬੇਸਿਕ ਪੇ ਜਾਂ ਆਈਆਰ ਦਾ ਲਾਭ ਹੀ ਮਿਲੇਗਾ । ਇਹ 05/09/2016 ਦੇ ਪੱਤਰ ਨੰਬਰ ਅਨੁਸਾਰ ਹੈ । ਅਤੇ 05/09/2016 ਤੋ ਬਾਅਦ ਪ੍ਰੋਬੇਸ਼ਨ ਪੀਰੀਅਡ ਵੀ 2 ਸਾਲ ਤੋ ਵਧਾ ਕੇ ਤਿੰਨ ਸਾਲ ਦਾ ਕੀਤਾ ਗਿਆ ਹੈ ।

ਪਰੰਤੂ ਜੇਕਰ ਕੋਈ ਕਰਮਚਾਰੀ 15/01/2015 ਤੋ ਬਾਅਦ ਭਰਤੀ ਹੋਇਆ , ਪਰੰਤੂ ਉਸਦੀ ਐਡਵਰਟਾਈਸਮੈਂਟ ਪਹਿਲਾਂ ਹੋਈ ਹੋਵੇ ਤਾਂ ਉਸਤੇ 2 ਸਾਲ ਦੇ ਪ੍ਰੋਬੇਸ਼ਨ ਪੀਰੀਅਡ ਵਾਲੀ ਸ਼ਰਤ ਹੀ ਲਾਗੂ ਹੋਵੇਗੀ ਅਤੇ ਉਸਨੂੰ ਸਾਰੇ ਭੱਤੇ ਮਿਲਣਗੇ ਬਸ਼ਰਤੇ ਕਿ ਉਸਦਾ ਟੈਸਟ ਅਤੇ ਭਰਤੀ ਦੀ ਐਡਵਰਟਾਈਸਮੈਂਟ 15/01/2015 ਤੋ ਪਹਿਲਾਂ ਦੀ ਹੋਵੇ ।

**ਹੁਣ ਐਨਪੀਐਸ ਵਾਲੇ ਕਰਮਚਾਰੀਆਂ ਨੂੰ ਕਮਾਈ ਛੁੱਟੀ ਦੇ ਪੈਸੇ ਵੀ ਮਿਲਣਯੋਗ ਹੋਣਗੇ**

ਹੁਣ ਇਹ ਦੇਖਣਾ ਪਏਗਾ ਜੇਕਰ ਭਰਤੀ 05/09/2016 ਤੋ ਪਹਿਲਾਂ ਦੀ ਹੈ ਤਾਂ 2 ਸਾਲ ਦੇ ਪ੍ਰੋਬੇਸ਼ਨਰ ਪੀਰੀਅਡ ਦੀ ਸ਼ਰਤ ਲਾਗੂ ਹੋਵੇਗੀ । ਉਦਾਹਰਨ ਤੇ ਤੌਰ ਤੇ 04/09/2016 ਵਾਲੇ ਕਰਮਚਾਰੀ ਨੇ ਅਪਲਾਈ ਕੀਤਾ ਜਾਂ ਟੈਸਟ ਦਿੱਤਾ ਪਰੰਤੂ ਨਿਯੁਕਤੀ 2018 ਵਿੱਚ ਹੋਈ ਤਾਂ ਉਸ ਤੇ 2 ਸਾਲ ਦੇ ਪ੍ਰੋਬੇਸ਼ਨ ਪੀਰੀਅਡ ਦੀ ਸ਼ਰਤ ਲਾਗੂ ਹੋਵੇਗੀ ਨਾਂ ਕਿ 3 ਸਾਲ ਦੇ ਪ੍ਰੋਬੇਸ਼ਨ ਪੀਰੀਅਡ ਦੀ

**ਨੋਟ : ਇੱਕ ਵਾਰ ਲਿਖਾਈ ਗਈ ਉਮਰ ਬਦਲੀ ਨਹੀ ਜਾ ਸਕਦੀ ।**
**ਡੀਏ ਰੇਟ ਉਹੀ ਮਿਲੇਗਾ ਜੋ ਲਾਗੂ ਹੋਵੇਗਾ ।**

**ਬਿਨਾਂ ਤਨਖਾਹ ਛੁੱਟੀ ਕਿਸੇ ਵੀ ਮਕਸਦ ਲਈ ਮੰਨੀ ਨਹੀ ਜਾਂਦੀ ਹੈ**

**ਜੇਕਰ ਬਿਨਾਂ ਤਨਖਾਹ ਛੁੱਟੀ ਸਮੇਤ ਮੈਡੀਕਲ ਸਰਟੀਫਿਕੇਟ ਦਿੱਤੀ ਜਾਵੇ ਤਾਂ ਉਸਨੂੰ ਡਿਊਟੀ ਪੀਰੀਅਡ ਮੰਨਿਆ ਜਾਂਦਾ ਹੈ ।**

**ਈਔਐਲ ( ਬਿਨਾਂ ਤਨਖਾਹ ਛੁੱਟੀ ) ਡਿਊਟੀ ਪੀਰੀਅਡ ਨਹੀ ਹੈ ਜਾਂ ਡਿਊਟੀ ਨਹੀ ਹੈ**

# ਭਰਤੀ ਦੀਆਂ ਸ਼ਰਤਾਂ

ਬਿਨਾਂ ਮੈਡੀਕਲ ਕਰਵਾਏ ਕਿਸੇ ਨੂੰ ਵੀ ਨਿਯੁਕਤ ਨਹੀ ਕੀਤਾ ਜਾ ਸਕਦਾ । ਮੈਡੀਕਲ ਕਰਵਾਉਣਾ ਅਤੀ ਜਰੂਰੀ ਹੈ ।

ਗਰੁੱਪ ਏ  ਲਈ ਬੋਰਡ ਦਾ ਸਰਟੀਫਿਕੇਟ ਜਰੂਰੀ ਹੈ । ਬੋਰਡ ਮੈਡੀਕਲ ਕਰਵਾਏਗਾ
ਗਰੁੱਪ ਬੀ ਸੀ ਡੀ  ਲਈ ਸਿਵਲ ਸਰਜਨ ਦਾ ਮੈਡੀਕਲ ਸਰਟੀਫਿਕੇਟ ਮੰਨਿਆ ਜਾਵੇਗਾ
ਪ੍ਰਮੋਸ਼ਨ ਹੋਣ ਤੇ ਜੇਕਰ ਬੀ ਤੋ ਏ ਵਿੱਚ ਹੋਇਆ ਹੈ ਤਾਂ ਮੈਡੀਕਲ ਕਰਵਾਉਣ ਪਵੇਗਾ ।
ਨਾਨ ਗਜਟਿਡ ਪੋਸਟ ਤੋ ਗਜਟਿਡ ਪੋਸਟ ਤੇ ਜਾਣ ਤੇ ਮੈਡੀਕਲ ਦੁਬਾਰਾ ਕਰਵਾਉਣਾ ਪਵੇਗਾ ।
ਜੇਕਰ ਕਿਸੇ ਐਕਸਸਰਵਿਸ ਮੈਨ ਜਾਂ ਰਿਟਾਇਰਡ ਕਰਮਚਾਰੀ ਨੂੰ ਦੁਬਾਰਾ ਨਿਯੁਕਤ ਕੀਤਾ ਜਾਂਦਾ ਹੈ ਤਾਂ ਮੈਡੀਕਲ ਕਰਵਾਉਣ ਦੀ ਲੋੜ ਨਹੀ
ਹਰ ਕਰਮਚਾਰੀ ਦਾ ਮੈਡੀਕਲ ਕਰਵਾਉਣਾ ਜਰੂਰੀ ਹੈ , ਜੇਕਰ ਕੋਈ ਅਨਫਿਟ ਹੈ ਤਾਂ ਉਹ ਪ੍ਰੀਮੈਚਓਰ ਰਿਟਾਇਰਮੈਟ ਲੈ ਸਕਦਾ ਹੈ ।।

ਜੇਕਰ ਕੋਈ ਕਰਮਚਾਰੀ ਮੈਡੀਕਲ ਸਰਟੀਫਿਕੇਟ ਵਿੱਚ ਫਿਟ ਵੀ ਹੋਵੇ ਪਰੰਤੂ ਬਿਮਾਰ ਹੋਵੇ ਤਾਂ ਇਹ ਡੀਡੀਓ ਨੇ ਦੇਖਣਾ ਹੈ ਕਿ ਉਸਨੂੰ ਨਿਯੁਕਤ ਕਰਵਾਉਣਾ ਹੈ ਜਾਂ ਨਹੀ

# ਰਿਟਾਇਰਮੈਟ ਉਮਰ ਸਬੰਧੀ

ਰਿਟਾਇਰਮੈਟ ਉਮਰ     ਏ ਬੀ ਸੀ ਲਈ  58 ਸਾਲ
ਡੀ ਲਈ  60 ਸਾਲ

ਪਰੰਤੂ ਇਸ ਵਿੱਚ ਵੀ ਬਦਲਾਵ ਕੀਤਾ ਗਿਆ ਕਿ ਕਰਮਚਾਰੀ ਨੂੰ 2 ਸਾਲ ਦਾ ਵਾਧਾ ਦਿੱਤਾ ਗਿਆ ਹੈ  । ਜੇਕਰ ਉਹ ਲੈਣਾ ਚਾਹੇ ਤਾਂ

ਪਰੰਤੂ 2 ਸਾਲ ਦੇ ਵਾਧੇ ਦੇ ਦੌਰਾਨ ਉਸਨੂੰ ਕੋਈ ਵੀ ਇਨਕਰੀਮੈਂਟ ਜਾਂ ਹੋਰ ਵਿੱਤੀ ਲਾਭ ਜਿਵੇ ਕਿ ਏਸੀਪੀ ਆਦਿਕ ਨਹੀ ਮਿਲਣਾ ਹੈ ।
2 ਸਾਲ ਦਾ ਵਾਧੇ ਦਾ ਪੀਰੀਅਡ ਡਿਊਟੀ ਪੀਰੀਅਡ ਨਹੀ ਮੰਨਿਆ ਜਾਵੇਗਾ । ਸਾਰੇ ਵਿੱਤੀ ਲਾਭਾਂ ਲਈ ਰਿਟਾਇਰਮੈਂਟ ਦੀ ਉਮਰ ਹੀ ਮੰਨੀ ਜਾਵੇਗੀ ।ਜੋ ਕਿ 58 ਸਾਲ ਹੈ ਅਤੇ ਦਰਜਾ 4 ਲਈ 60 ਹੈ । ਕਰਮਚਾਰੀ ਨੂੰ ਜੋ ਰਿਟਾਇਰਮੈਂਟ ਤੇ ਡੀਏ ਰੇਟ ਮਿਲ ਰਿਹਾ ਸੀ ਉਹੀ ਮਿਲੇਗਾ

30/10/2015 ਦਾ ਪੱਤਰ ਨੰ ਹੈ : ਹਵਾਲਾ ਅਧੀਨ

# ਵਾਧੇ ਉਪਰੰਤ ਕਰਮਚਾਰੀਆਂ ਲਈ

58 ਸਾਲ ਦੀ ਉਮਰ ਤੋ ਬਾਅਦ ਕਰਮਚਾਰੀ ਨੂੰ ਕੋਈ ਵੀ ਮੈਡੀਕਲ ਛੁੱਟੀ ਆਦਿ ਨਹੀ ਮਿਲੇਗਾ ਮਤਲਬ ਵਾਧੇ ਦੇ ਦੌਰਾਨ ਪਿਛਲੀਆਂ ਜੁੜੀਆਂ ਹੋਈਆਂ ਛੁੱਟੀਆਂ ਮਿਲਣਗੀਆ , ਅੱਗੇ ਤੋ ਕੋਈ ਵੀ ਛੁੱਟੀ ਹੋਰ ਨਹੀ ਜੁੜੇਗੀ ।

ਕਮਾਈ ਛੁੱਟੀ ਵੀ ਉਹੀ ਮਿਲੇਗੀ ਜੋ 58 ਸਾਲ ਦੀ ਉਮਰ ਤੱਕ ਸੀ , ਬਾਕੀ ਸਾਰੀਆਂ ਛੁੱਟੀਆਂ ਲੈਪਸ ਹੋ ਜਾਣਗੀਆਂ ।

ਕਿਸੇ ਵੀ ਕਰਮਚਾਰੀ ਦਾ ਪੈਨਸ਼ਨ ਕੇਸ ਦਾ ਪ੍ਰੋਸੈਸ 2 ਸਾਲ ਪਹਿਲਾਂ ਕਰਨਾ ਸ਼ੁਰੂ ਕਰਨਾ ਹੈ । ਛੇ ਮਹੀਨੇ ਪਹਿਲਾਂ ਨੋ ਡਿਊ ਸਰਟੀਫਿਕੇਟ ਲੈ ਕੇ ਪੈਨਸ਼ਨ ਕੇਸ ਏ ਜੀ ਦਫਤਰ ਭੇਜਣਾ ਅਤੀ ਜਰੂਰੀ ਹੈ ।

# ਪੇ ਸਕੇਲਾਂ ਸਬੰਧੀ

ਏਸੀਪੀ ਕੇਸਾਂ ਵਿੱਚ ਹਾਲ ਦੀ ਘੜੀ ਸਿਰਫ 3 ਪਰਸੈਂਟ ਇਨਕਰੀਮੈਂਟ ਦਾ ਹੀ ਲਾਭ ਦਿੱਤਾ ਗਿਆ ਹੈ ਨਾਂ ਕਿ ਅਗਲੇ ਗਰੇਡ ਦਾ

ਪਰਖਕਾਲ ਸਮੇ ਦੌਰਾਨ ਕੋਈ ਵੀ ਇਨਕਰੀਮੈਂਟ ਜਾਂ ਸਾਲਾਨਾ ਤਰੱਕੀ ਦਾ ਲਾਭ ਨਹੀ ਮਿਲੇਗਾ

# ਬਿਨਾਂ ਤਨਖਾਹ ਛੁੱਟੀ ਸਬੰਧੀ

ਉਦਾਹਰਨ ਜੇਕਰ ਸਾਲਾਨਾ ਤਰੱਕੀ 01/01/2016 ਨੂੰ ਡਿਊ ਹੈ
ਤਾਂ ਅਗਲੀ ਸਾਲਾਨਾ ਤਰੱਕੀ 01/01/2017 ਨੂੰ ਲੱਗੇਗੀ ।

ਪਰੰਤੂ ਜੇਕਰ ਇਸ ਵਿੱਚ 20 ਦਿਨ ਦਾ ਬਿਨਾਂ ਤਨਖਾਹ ਛੁੱਟੀ ਬਿਨਾਂ ਮੈਡੀਕਲ ਸਰਟੀਫਿਕੇਟ ਤੋ ਦਿੱਤਾ ਹੈ ਦਾ ਸਮਾਂ ਹੈ ਤਾਂ ਸਾਲਾਨਾ ਤਰੱਕੀ 21/01/2017 ਨੂੰ ਲੱਗੇਗੀ ਪਰੰਤੂ ਵਿੱਤੀ ਲਾਭ ਉਸੇ ਮਹੀਨੇ ਭਾਵ ਜਨਵਰੀ ਤੋ ਮਿਲੇਗਾ , ਅਤੇ ਅਗਲੀ ਸਾਲਾਨਾ ਤਰੱਕੀ ਦੀ ਮਿਤੀ ਬਦਲ ਜਾਵੇਗੀ ਭਾਵ 21/01/2018 ਹੋ ਜਾਵੇਗੀ ।

ਕਹਿਣ ਦਾ ਮਤਲਬ ਹੈ ਕਿ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ 20 ਦਿਨ ਦਾ ਸਮਾਂ ਬਗੈਰ ਡਿਊਟੀ ਪੀਰੀਅਡ ਮੰਨਿਆ ਜਾਣਾ ਹੈ ।
ਜੇਕਰ ਕੋਈ ਸਸਪੈਨਸ਼ਨ ਪੀਰੀਅਡ ਵੀ ਹੈ ਤਾਂ ਉਨਾਂ ਸਮਾਂ ਸਾਲਾਨਾ ਤਰੱਕੀ ਅੱਗੇ ਚਲੀ ਜਾਵੇਗੀ ।
ਮਤਲਬ ਨਾਨ ਡਿਊਟੀ ਪੀਰੀਅਡ ਤੋ ਸਾਲਾਨਾ ਤਰੱਕੀ ਉਨਾਂ ਸਮਾਂ ਹੀ ਅੱਗੇ ਚਲੀ ਜਾਂਦੀ ਹੈ ।

# ਪਿਛਲੇ ਗਰੇਡਾਂ ਦੇ ਸਬੰਧ ਵਿੱਚ

ਸਾਲ 1988 ਵਿੱਚ 8/18 ਦੀ ਆਪਸ਼ਨ ਸੀ
ਸਾਲ 1998 ਵਿੱਚ 01-01-1998 ਤੋ 8/16/24/32 ਦੀ ਆਪਸ਼ਨ ਸੀ

ਸਾਲ 2006 ਵਿੱਚ 01-01-2006 ਤੋ ਏਸੀਪੀ 4/9/14 ਦੀ ਆਪਸ਼ਨ ਕਰਮਚਾਰੀਆਂ ਕੋਲ ਆਈ ।

# ਏਸੀਪੀ ਦੇ ਸਬੰਧ ਵਿੱਚ

ਏਸੀਪੀ ਦਾ ਭਾਵ ਹੈ ਐਸ਼ਓਰਡ ਕੈਰੀਅਰ ਪ੍ਰੋਗਰੇਸ਼ਨ ਮਤਲਬ ਜੇਕਰ ਕਰਮਚਾਰੀ ਕਿਸੇ ਕੇਡਰ ਵਿੱਚ ਆਇਆ ਹੈ ਤਾਂ ਉਹ ਜੇਕਰ ਲੰਮਾ ਸਮਾਂ ਉਸਦੀ ਤਰੱਕੀ ਜਾਂ ਪ੍ਰਮੋਸ਼ਨ ਨਹੀ ਹੁੰਦੀ ਹੈ ਤਾਂ ਉਸਨੂੰ ਹਰ 4 , 9 , 14 ਸਾਲ ਬਾਅਦ ਇੱਕ ਵਾਧੂ ਤਰੱਕੀ ਦਾ ਲਾਭ ਦਿੱਤਾ ਜਾਂਦਾ ਹੈ । ਵਿੱਤ ਵਿਭਾਗ ਵੱਲੋ ਜਾਰੀ ਹਦਾਇਤਾਂ ਅਨੁਸਾਰ ਹਾਲ ਦੀ ਘੜੀ ਸਿਰਫ

ਬੇਸਿਕ ਪੇ ਅਤੇ ਗਰੇਡ ਪੇ ਦਾ ਤਿੰਨ ਪ੍ਰਤੀਸ਼ਤ ਦਾ ਲਾਭ ਹੀ ਕਰਮਚਾਰੀਆਂ ਨੂੰ ਦਿੱਤਾ ਗਿਆ ਹੈ , ਨਾਂ ਕਿ ਅਗਲਾ ਗਰੇਡ

4,9,14 ਪ੍ਰਮੋਸ਼ਨ ਦਾ ਸਬਸਟੀਟਿਊਟ ਹੈ ।

# 4,9,14 ਕਿਹੜੇ ਕੇਸਾਂ ਵਿੱਚ ਨਹੀ ਦਿੱਤਾ ਜਾਵੇਗਾ

ਜਦੋ ਕੋਈ ਕਰਮਚਾਰੀ ਨੂੰ ਤਰੱਕੀ ਮਿਲੀ , ਪਰੰਤੂ ਉਸਨੇ ਤਰੱਕੀ ਲੈਣ ਤੋ ਇਨਕਾਰ ਕਰ ਦਿੱਤਾ , ਉਦਾਹਰਨ ਦੇ ਤੌਰ ਤੇ ਕੋਈ ਮਾਸਟਰ ਕੇਡਰ ਦਾ ਕਰਮਚਾਰੀ ਲੈਕਚਰਾਰ ਪ੍ਰਮੋਟ ਹੋ ਗਿਆ , ਪਰੰਤੂ ਉਸਨੇ ਤਰੱਕੀ ਨਹੀ ਲਈ ਤਾਂ ਉਸਨੂੰ ਮਾਸਟਰ ਕੇਡਰ ਵਿੱਚ ਕਦੇ ਵੀ ਅਗਲਾ 4, 9, 14 ਏਸੀਪੀਦਾ ਲਾਭ ਨਹੀ ਮਿਲੇਗਾ , ਉਸਦਾ 4,9,14 ਸਦਾ ਲਈ ਬੰਦ ਹੋ ਗਿਆ ।

ਜਿਸ ਕਰਮਚਾਰੀ ਦਾ ਪਰਖਕਾਲ , ਕੰਨਫਰਮੇਸ਼ਨ ਆਦਿਕ ਜਾਂ ਕੋਈ ਟੈਸਟ ਦੀ ਕੰਡੀਸ਼ਨ ਹੈ , ਉਸਨੇ ਉਹ ਨਹੀ ਪੂਰੀ ਕੀਤੀ ਤਾਂ ਲਾਭ ਨਹੀ ਮਿਲੇਗਾ
ਕੋਈ ਕਰਮਚਾਰੀ ਡੀਬਾਰ ਹੋਇਆ ਹੈ , ਸਸਪੈਂਡ ਹੋਇਆ ਹੈ , ਬਿਨਾਂ ਤਨਖਾਹ ਛੁੱਟੀ ਤੇ ਹੈ , ਤਾਂ ਉਸ ਕੇਡਰ ਵਿੱਚ ਉਹ ਨਾਨ ਡਿਊਟੀ ਪੀਰੀਅਡ ਤੋ ਏਸੀਪੀ ਉਤਨਾਂ ਹੀ ਅੱਗੇ ਚਲਾ ਜਾਵੇਗਾ ।

# ਪ੍ਰਮੋਸ਼ਨ ਦੇ ਸਬੰਧ ਵਿੱਚ

ਜੇਕਰ ਕੋਈ ਕਰਮਚਾਰੀ ਪ੍ਰਮੋਟ ਹੁੰਦਾ ਹੈ ਤਾ ਉਸ ਕੋਲ ਤਰੱਕੀ ਦਾ ਲਾਭ ਲੈਣ ਲਈ ਦੋ ਆਪਸ਼ਨਾਂ ਹਨ

ਜਾਂ ਤਾਂ ਉਹ ਤਰੱਕੀ ਦਾ ਲਾਭ ਪ੍ਰਮੋਟ ਹੋਣ ਦੀ ਮਿਤੀ ਤੋ ਹੀ ਲੈ ਲਵੇ
ਜਾਂ ਉਹ ਤਰੱਕੀਦਾ ਲਾਭ ਦੋ ਤਰੱਕੀਆਂ ਦੇ ਤੌਰ ਤੇ ਆਪਣੀ ਸਾਲਾਨਾ ਤਰੱਕੀ ਨਾਲ ਲਵੇ , ਕਰਮਚਾਰੀ ਆਪਣਾ ਬੈਨੀਫਿਟ ਦੇਖੇਗਾ ਕਿ ਉਸਨੂੰ ਤਰੱਕੀ ਦਾ ਲਾਭ ਕਿਸ ਤਰਾਂ ਲੈਣ ਦਾ ਫਾਇਦਾ ਹੁੰਦਾ ਹੈ ।

**ਉਦਾਹਰਨ**

ਮੰਨ ਲਵੋ ਕੋਈ ਕਰਮਚਾਰੀ 5000 ਗਰੇਡ ਪੇ ਤੋ 5400 ਗਰੇਡ ਪੇ ਵਿੱਚ ਪ੍ਰਮੋਟ ਹੋ ਕੇ ਜਾਂਦਾ ਹੈ

ਕਰਮਚਾਰੀ 24-09-2017 ਨੂੰ ਪ੍ਰਮੋਟ ਹੋਇਆ ਤਾਂ ਉਸਨੂੰ ਆਪਸ਼ਨ ਦੇਣੀ ਪਵੇਗੀ ਕਿ ਉਸਨੇ ਸਾਲਾਨਾ ਤਰੱਕੀ ਦਾ ਲਾਭ ਕਦੋ ਲੈਣਾ ਹੈ ।

ਮੰਨ ਲਵੋ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ : 01/12/2017 ਹੈ ।
ਕਰਮਚਾਰੀ ਦੀ ਬੇਸਿਕ ਪੇ 20000 + 5000 ਹੈ

**ਪਹਿਲਾ ਕੇਸ** ਸਾਲਾਨਾ ਤਰੱਕੀ 24-09-2017 ਨੂੰ ਹੀ ਲੈ ਲਈ

25000* 3/100 = 750 ਰੁਪੈ

ਪੇ 24-09-2017 ਨੂੰ 20000 + 750 + 5400 = 26150 ( ਸਿਰਫ ਗਰੇਡ ਪੇ ਵਿੱਚ ਬਦਲਾਵ ਹੋਇਆ ਹੈ )

ਉਸਦੀ ਅਗਲੀ ਸਾਲਾਨਾ ਤਰੱਕੀ ਦੀ ਮਿਤੀ ਬਦਲ ਜਾਵੇਗੀ ਭਾਵ 24/09/2018 ਹੋ ਜਾਵੇਗੀ ਅਤੇ ਅਗਲੀ ਸਾਲਾਨਾ ਤਰੱਕੀ 20000+5000+750 = 25750 ਦਾ ਤਿੰਨ ਪਰਸੈਂਟ ਭਾਵ 780 ਰੁਪੈ ਮਿਲੇਗੀ
ਅਤੇ ਉਸਦੀ ਤਨਖਾਹ 20000+750+780+5400 = 26930 ਰੁਪੈ ਹੋਵੇਗੀ

**ਦੂਸਰਾ ਕੇਸ**

ਜੇਕਰ ਕੋਈ ਕਰਮਚਾਰੀ ਇੰਨਕਰੀਮੈਂਟ ਦੀ ਮਿਤੀ ਨਹੀ ਬਦਲਦਾ , ਭਾਵ ਉਤਨਾ ਸਮਾਂ ਇੰਤਜਾਰ ਕਰ ਲੈਂਦਾ ਹੈ ਤੇ ਦੋ ਸਾਲਾਨਾ ਤਰੱਕੀਆਂ ਦਾ ਲਾਭ ਇੱਕਠਾ ਲੈਂਦਾ ਹੈ , ਉਸ ਕੇਸ ਵਿੱਚ

ਉਪਰ ਵਾਲੇ ਕੇਸ ਵਿੱਚ ਜੇਕਰ ਦੋ ਤਰੱਕੀਆਂ ਦਾ ਲਾਭ 01/12/2017 ਨੂੰ ਲਿਆ ਤਾਂ

20000 + 5000 ਤੇ ਤਿੰਨ ਪਰਸੈਂਟ ਪਹਿਲੀ ਤਰੱਕੀ 750 ਰੁਪੈ
20000 + 5000 + 750 = 25750 ਤੇ ਦੂਸਰੀ ਤਰੱਕੀ ਤਿੰਨ ਪਰਸੈਂਟ 780 ਰੁਪੈ
ਤਾਂ ਬੇਸਿਕ ਪੇ 20000 + 750 + 780 = 21530 + 5400 ਗਰੇਡ ਪੇ = 26930 ਰੁਪੈ

ਇਸ ਕੇਸ ਵਿੱਚ 24/09/2018 ਨੂੰ ਵੀ ਪੇ ਬਰਾਬਰ ਹੈ 01/12/2017 ਦੀ ਪੇ ਦੇ ਤਾਂ ਦੂਸਰੇ ਕੇਸ ਵਿੱਚ ਫਾਇਦਾ ਹੈ ਕਿਉਕਿ ਉਹੀ ਪੇ ਦਾ ਲਾਭ ਪਹਿਲਾਂ ਮਿਲ ਰਿਹਾ ਹੈ ।

ਦੂਸਰੀ ਆਪਸ਼ਨ ਦੇ ਕੇ ਕਰਮਚਾਰੀ ਨੂੰ ਜਿਆਦਾ ਬੈਨੀਫਿਟ ਹੈ ।

# ਟੀਏ ਰੂਲਜ

ਜੋ ਕਰਮਚਾਰੀ ਪਰਮਾਨੈਟ ਡਿਊਟੀ ਟੂਰ ਤੇ ਰਹਿੰਦਾ ਹੈ ਉਸਨੂੰ ਫਿਕਸਡ ਟਰੈਵਲਿੰਗ ਅਲਾਊਸ ਮਿਲਦਾ ਹੈ ।

ਜਿਵੇ ਕਿ ਕਲਰਕ ਕੇਡਰ ਦੇ ਕਰਮਚਾਰੀਆਂ ਨੂੰ ਫਿਕਸਟ ਕਨਵੀਨੈਸ ਅਲਾਊਸ 400 ਰੁਪੈ ਮਿਲਦਾ ਹੈ ਤੇ ਜੂਨੀਅਰ ਅਸਿਸਟੈਟ ਨੂੰ 500 ਰੁਪੈ

**ਸ਼ਰਤਾਂ ਟੀਏ ਰੂਲਜ ਦੀਆਂ ਸ਼ਰਤਾਂ ਸੀਐਸਆਰ ਅਨੁਸਾਰ**

25 ਕਿਲੋਮੀਟਰ ਦਾ ਸਫਰ ਜਰੂਰੀ ਹੈ ਅਤੇ 6 ਘੰਟੇ ਤੋ ਵੱਧ ਦੀ ਉਸ ਥਾਂ ਤੇ ਸਟੇਅ ਜਰੂਰੀ ਹੈ ਤਾਂ ਫੁੱਲ ਰੇਟ ਮਿਲੇਗਾ
ਡੇਲੀ ਅਲਾਊਸ ਕਈ ਮਹਿਕਮੇ ਵਿੱਚ ਮਿਲਦਾ ਹੈ ਕਰਮਚਾਰੀਆਂ ਦੀ ਗਰੇਡ ਪੇ ਅਨੁਸਾਰ
ਜੇਕਰ 25 ਕਿਲੋਮੀਟਰ ਅਤੇ 5 ਘੰਟੇ ਦੀ ਸਟੇਅ ਹੈ ਤਾਂ ਟੀਏ ਅੱਧਾ ਹੋ ਜਾਵੇਗਾ ।
ਜੇਕਰ 8 ਤੋ 25 ਕਿਲੋਮੀਟਰ ਦਾ ਸਫਰ ਹੈ ਪ੍ਰੰਤੂ 5 ਘੰਟੇ ਤੋ ਪਹਿਲਾਂ ਕਰਮਚਾਰੀ ਆਪਣੀ ਡਿਊਟੀ ਤੇ ਹਾਜਰ ਹੋ ਗਿਆ ਤਾਂ ਵੀ ਅੱਧਾ ਰੇਟ ਹੀ ਮਿਲੇਗਾ
ਜੇਕਰ 7 ਕਿਲੋਮੀਟਰ ਤੋ ਘੱਟ ਹੈ ਤਾਂ ਕੋਈ ਟੀਏ ਨਹੀ ਮਿਲੇਗਾ

# ਐਲਟੀਸੀ ਰੂਲਜ

ਕੋਈ ਵੀ ਕਰਮਚਾਰੀ ਜਿਸਦੀ ਗਰੇਡ ਪੇ 6600 ਰੁਪੈ ਹੈ , ਏ ਕੈਟੇਗਰੀ ਦਾ ਉਹ ਚਾਰ ਸਾਲ ਦੇ ਹਰ ਬਲਾਕ ਵਿੱਚ ਹਵਾਈ ਯਾਤਰਾ ਦਾ ਐਲਟੀਸੀ ਲੈ ਸਕਦਾ ਹੈ । ਜੇਕਰ ਪਤੀ ਪਤਨੀ ਦੋਵੇ ਸਰਕਾਰੀ ਨੌਕਰੀ ਵਿੱਚ ਹਨ , ਤਾਂ ਜਿਸ ਕਰਮਚਾਰੀ ਦੀ ਗਰੇਡ ਪੇ ਵੱਧ ਹੈ , ਉਹ ਐਲਟੀਸੀ ਲਈ ਅਪਲਾਈ ਕਰੇਗਾ । ਜਿਸ ਕਰਮਚਾਰੀ ਨੇ ਐਲਟੀਸੀ ਅਪਲਾਈ ਕੀਤਾ ਹੈ , ਉਸਦੇ ਡਿਪੈਡੈਟ ਵੀ ਐਲਟੀਸੀ ਲਈ ਕਵਰ ਹੋਣਗੇ । ਦੂਸਰੇ ਕਰਮਚਾਰੀ ਦੇ ਮਹਿਕਮੇ ਤੋ ਨੋ ਆਬਜੈਕਸ਼ਨ ਸਰਟੀਫਿਕੇਟ ਲੈਣਾ ਜਰੂਰੀ ਹੈ ਕਿ ਉਹ ਐਲਟੀਸੀ ਕਲੇਮ ਨਹੀ ਕਰ ਰਿਹਾ ।

ਐਲਟੀਸੀ ਯਾਤਰਾ ਤੋ ਇੱਕ ਮਹੀਨੇ ਦੇ ਅੰਦਰ ਅੰਦਰ ਮਹਿਕਮੇ ਕੋਲ ਲਿਖਤੀ ਰੂਪ ਵਿੱਚ ਦੇ ਕੇ ਕਲੇਮ ਕਰਨਾ ਜਰੂਰੀ ਹੈ , ਇੱਕ ਮਹੀਨੇ ਤੋ ਬਾਅਦ ਐਲਟੀਸੀ ਕਲੇਮ ਨਹੀ ਕੀਤਾ ਜਾ ਸਕਦਾ । ਸਿਰਫ ਸਿੰਗਲ ਰੂਟ ਦਾ ਐਲਟੀਸੀ ਹੀ ਕਲੇਮ ਹੋਵੇਗਾ ਨਾਂ ਕਿ ਟੁੱਟਵੇ ਰੂਪ ਵਿੱਚ ਜਿਵੇ ਕਿ ਕੋਈ ਕਰਮਚਾਰੀ ਲੁਧਿਆਣੇ ਤੋ ਚੰਡੀਗੜ ਬੱਸ ਦੁਆਰਾ ਅਤੇ ਚੰਡੀਗੜ ਤੋ ਬੈਗਲੋਰ ਹਵਾਈ ਯਾਤਰਾ ਕਰਦਾ ਹੈ ਤਾਂ ਐਲਟੀਸੀ ਹਵਾਈ ਯਾਤਰਾ ਲਈ ਚੰਡੀਗੜ

ਤੋ ਬੈਗਲੋਰ ਦਾ ਹੀ ਮੰਨਿਆ ਜਾਵੈਗਾ । ਲੁਧਿਆਣਾ ਤੋ ਚੰਡੀਗੜ ਤਾ ਐਲਟੀਸੀ ਕਲੇਮ ਨਹੀ ਮਿਲੇਗਾ ।।

**ਹਰ ਕਰਮਚਾਰੀ ਆਪਣੀ 10 ਦਿਨ ਦੀ ਕਮਾਈ ਛੁੱਟੀ ਦੇ ਪੈਸੇ ਵੀ ਲੈ ਸਕਦਾ ਹੈ ਪ੍ਰੰਤੂ ਇਹ ਪੈਸੇ ਕਮਾਈ ਛੁੱਟੀ ਵਿੱਚੋ ਕੱਟੇ ਜਾਣਗੇ**

ਮੰਨ ਲਵੋ ਕੋਈ ਪਤੀ ਪਤਨੀ ਹਵਾਈ ਯਾਤਰਾ ਕਰਦੇ ਹਨ ਅਤੇ 5 ਦਿਨ ਦੀ ਕਮਾਈ ਛੁੱਟੀ ਲੈ ਕੇ ਜਾਂਦੇ ਹਨ ਤਾਂ ਉਹ ਦੋਵੇ ਹੀ ਆਪਣੇ ਮਹਿਕਮੇ ਕੋਲ 10 ਦਿਨ ਦੀ ਕਮਾਈ ਛੁੱਟੀ ਦੇ ਪੈਸੇ ਲੈ ਸਕਦੇ ਹਨ ,ਪਰੰਤੂ ਉਹਨਾਂ ਦੀ ਸਰਵਿਸ ਬੁੱਕ ਵਿੱਚ ਕੁੱਲ 15 ਦਿਨ ਦੀ ਕਮਾਈ ਛੁੱਟੀ ਕੱਟੀ ਜਾਵੇਗੀ । ਜੇਕਰ ਉਹ ਪੈਸੇ ਨਹੀ ਲੈਂਦੇ ਤਾਂ 5 ਦਿਨ ਦੀ ਹੀ ਕਮਾਈ ਛੁੱਟੀ ਕੱਟੀ ਜਾਵੇਗੀ ।

ਮੰਨ ਲਵੋ ਕੋਈ ਕਰਮਚਾਰੀ 25 ਦਸੰਬਰ 2017 ਨੂੰ ਹਵਾਈ ਯਾਤਰਾ ਕਰਕੇ ਐਲਟੀਸੀ ਕਲੇਮ ਕਰਦਾ ਹੈ ਅਤੇ ਉਸਦਾ ਬਲਾਕ ਪੀਰੀਅਡ 2013-17 ਹੈ ਤਾਂ ਉਹ ਅਗਲੇ ਸਾਲ ਫਿਰ ਆਪਣੇ ਅਗਲੇ ਬਲਾਕ ਪੀਰੀਅਡ 2018-21 ਵਿੱਚ ਐਲਟੀਸੀ ਲਈ ਕਲੇਮ ਕਰ ਸਕਦਾ ਹੈ । ਮਹਿਕਮਾ ਉਸਨੂੰ ਇਨਕਾਰ ਨਹੀ ਕਰ ਸਕਦਾ ।

10 ਦਿਨ ਦੀ ਕਮਾਈ ਛੁੱਟੀ ਕੈਲਕੂਲੇਟ ਕਰਨ ਦਾ ਤਰੀਕਾ

ਬੇਸਿਕ ਪੇ + ਗਰੇਡ ਪੇ + ਆਈਆਰ + ਡੀਏ ਮੰਨ ਲਵੋ ਇਹ E ਹੈ

ਤਾਂ ਫਾਰਮੂਲਾ ਹੈ E * 10 /30

ਇਹ 30 ਫਿਕਸਡ ਹੈ 31 ਜਾਂ 28 ਨਹੀ ਹੋ ਸਕਦਾ ।

ਜੇਕਰ E = 30000 ਰੁਪੈ ਤਾਂ ਉਸਨੂੰ 10000 ਰੁਪੈ ਦੀ ਵਾਧੂ ਰਾਸ਼ੀ ਮਿਲੇਗੀ , ਪਰੰਤੂ ਛੁੱਟੀ ਕਮਾਈ ਛੁੱਟੀ ਵਿੱਚੋ ਕੱਟੀ ਜਾਵੇਗੀ ।

ਕਰਮਚਾਰੀ ਕਮਾਈ ਛੁੱਟੀ ਲੈ ਕੇ ਹੀ ਜਾ ਸਕਦਾ ਹੈ , ਮੈਡੀਕਲ ਛੁੱਟੀ ਨਹੀ

# ਪੇ ਫਿਕਸ਼ੇਸਨ ਕਮਊਲੇਟਿਵ ਤੇ ਬਗੈਰ ਕਮਊਲੇਟਿਵ ਕੇਸਾਂ ਵਿੱਚ

ਮੰਨ ਲਵੋ ਕੋਈ ਕਰਮਚਾਰੀ 20000 ਰੁਪੈ ਬੇਸਿਕ ਪੇ ਲੈ ਰਿਹਾ ਹੈ 01/01/2017 ਨੂੰ , ਉਸਦੀ ਸਾਲਾਨਾ ਤਰੱਕੀ 2 ਸਾਲ ਲਈ ਬੰਦ ਕਰ ਦਿੱਤੀ ਗਈ । ਬਗੈਰ ਕਮਿਊਲੇਟਿਵ ਕੇਸ ਵਿੱਚ ਤਾਂ

| ੜ | **ਅਸਲ ਤਨਖਾਹ** | **ਬਣਦੀ ਤਨਖਾਹ ਜੇਕਰ ਉਸਦੀ ਸਾਲਾਨਾ ਤਰੱਕੀ ਬੰਦ ਨਾਂ ਹੋਈ ਹੁੰਦੀ** |
|---|---|---|
| 01-01-2017 | 20000 | 20000 |
| 01/01/2018 | 20000 | 20600 |
| 01/01/2019 | 20000 | 21220 |

ਤਾਂ ਉਸਨੂੰ 02/02/2019 ਨੂੰ ਬੇਸਿਕ ਪੇ 21220 ਮਿਲੇਗੀ , ਇਸ ਕੇਸ ਵਿੱਚ ਉਸਨੂੰ 2018 ਵਿੱਚ ਉਹੀ ਬੇਸਿਕ ਪੇ ਮਿਲੀ ਹੈ । 20000

ਦੂਸਰਾ ਕੇਸ ਕਮਊਲੇਟਿਵ ਕੇਸ ਵਿੱਚ

| | |
|---|---|
| 01/01/2017 | 20000 |
| 01/01/2018 | 20000 |
| 01/01/2019 | 20000 |
| 02/02/2019 | 20600 |

ਸਿਰਫ ਇੱਕ ਇੰਨਕਰੀਮੈਟ ਦਾ ਲਾਭ ਹੀ ਮਿਲੇਗਾ

# ਛੁੱਟੀਆਂ

ਛੁੱਟੀ ਲੈਣਾ ਕਿਸੇ ਵੀ ਕਰਮਚਾਰੀ ਦਾ ਹੱਕ ਜਾਂ ਅਧਿਕਾਰ ਨਹੀ ਹੀ ਸਮਰੱਥ ਅਧਿਕਾਰੀ ਆਪਣੇ ਪੱਧਰ ਤੇ ਇਹ ਪ੍ਰਵਾਨ ਕਰਨ ਉਪਰੰਤ ਹੀ ਕਿਸੇ ਦੀ ਛੁੱਟੀ ਦੇ ਸਕਦਾ ਹੈ ।

ਜੇਕਰ ਕੋਈ ਕਰਮਚਾਰੀ 04/01/2018 ਨੂੰ ਡਿਊਟੀ ਤੇ ਗਿਆ ਅਤੇ 05/01/2018 ਨੂੰ ਉਸਦੀ ਮੌਤ ਹੋ ਗਈ ਤਾਂ ਉਸਨੂੰ ਸੈਲਰੀ 05/01/2018 ਤੱਕ ਦੀ
ਹੀ ਮਿਲੇਗੀ ਅਤੇ ਹੋਰ ਵਿੱਤੀ ਲਾਭਾਂ ਲਈ 05/01/2018 ਹੀ ਮੰਨੀ ਜਾਵੇਗੀ ।

ਹਰ ਫੀਮੇਲ ਕਰਮਚਾਰੀ ਨੂੰ ਹਰ ਸਾਲ 20 ਅਚਨਚੇਤ ਛੁੱਟੀਆਂ ਮਿਲਦੀਆਂ ਹਨ
ਪ੍ਰੰਤੂ ਮੇਲ ਕਰਮਚਾਰੀਆ ਨੂੰ
0 ਤੋ 10 ਸਾਲ - 10
10- 20 ਸਾਲ 15
20 ਤੋ ਵੱਧ ਸਾਲ 20

ਜੇਕਰ ਕੋਈ ਕਰਮਚਾਰੀ ਫੀਮੇਲ ਮਿਤੀ 20/12/2017 ਨੂੰ ਜੁਆਇੰਨ ਕਰਦੀ ਹੈ ਤਾਂ ਉਸਨੂੰ 20 ਅਚਨਚੇਤ ਛੁੱਟੀਆਂ ਹੀ ਮਿਲਣਗੀਆਂ

# ਕਮਾਈ ਛੁੱਟੀ

ਹਰ ਟੀਚਿੰਗ ਸਟਾਫ ਦੇ ਕਰਚਾਰੀ ਚਾਹੇ ਉਹ ਮੇਲ ਹੋਣ ਜਾਂ ਫੀਮੇਲ 8 ਕਮਾਈ ਛੁੱਟੀਆਂ ਹੀ ਮਿਲਦੀਆਂ ਹਨ
ਨਾਨ ਟੀਚਿੰਗ ਸਟਾਫ ਦੇ ਕਰਮਚਾਰੀਆਂ ਨੂੰ ਹੇਠ ਲਿਖੇ ਅਨੁਸਾਰ ਕਮਾਈ ਛੁੱਟੀਆਂ ਮਿਲਦੀਆਂ ਹਨ

ਪਹਿਲੇ 10 ਸਾਲ 365/24
10-20 ਸਾਲ 365/18
20 ਸਾਲ ਤੋ ਵੱਧ 365/12

01/01/1990 ਤੋ ਬਾਅਦ ਹਰ ਟੀਚਿੰਗ ਕਰਮਚਾਰੀ ਨੂੰ ਫਿਕਸਡ 8 ਕਮਾਈ ਛੁੱਟੀਆਂ ਹੀ ਮਿਲਦੀਆਂ ਹਨ

ਵੋਕੇਸ਼ਨਰ ਗਰੁੱਪ ਦੇ ਕਰਮਚਾਰੀਆਂ ਨੂੰ ਵੀ ਫਿਕਸਡ 8 ਕਮਾਈ ਛੁੱਟੀਆਂ ਹੀ ਮਿਲਦੀਆਂ ਹਨ
ਜੇਕਰ ਕਿਸੇ ਟੀਚਿੰਗ ਕਰਮਚਾਰੀ ਦੀ ਗਰਮੀ , ਸਰਦੀ ਦੀਆਂ ਛੁੱਟੀਆਂ ਦੌਰਾਨ ਡਿਊਟੀ ਜਾਂ ਸੈਮੀਨਾਰ ਲੱਗਦਾ ਹੈ ਤਾਂ ਉਸਨੂੰ ਅਡੀਸ਼ਨਲ ਕਮਾਈ ਛੁੱਟੀ ਮਿਲਦੀ ਹੈ

ਫਾਰਮੂਲਾ 365 /X + ਜਿੰਨੇ ਦਿਨ ਸੈਮੀਨਾਰ ਜਾਂ ਡਿਊਟੀ ਰਹੀ / 45

X = 24,18, 12 , ਜਿੰਨੇ ਸਾਲ ਦੀ ਸਰਵਿਸ ਹੋਵੇ ।

ਇਹ ਛੁੱਟੀ ਉਹ 8 ਛੁੱਟੀਆਂ ਵਿੱਚ ਜੁੜੇਗੀ । ਪ੍ਰੰਤੂ ਕੁੱਲ ਛੁੱਟੀ 20 ਦਿਨ ਤੋ ਵੱਧ ਨਹੀ ਹੋ ਸਕਦੀ ।
450 ਤੋ ਵੱਧ ਕਮਾਈ ਛੁੱਟੀ ਕਿਸੇ ਵੀ ਕਰਮਚਾਰੀ ਦੀ ਨਹੀ ਜੁੜੇਗੀ
300 ਤੋ ਵੱਧ ਕਮਾਈ ਛੁੱਟੀ ਰਿਟਾਇਰਮੈਂਟ ਤੇ ਲੀਵ ਇਨਕੈਸ਼ਮੈਂਟ ਤੇ ਕੈਸ਼ ਨਹੀ ਹੋਵੇਗੀ

ਲੀਵ ਇਨਕੈਸ਼ਮੈਂਟ = E * 300 /30

E= BP+GP+IR+DA

# ਹਾਲਫ ਪੇ ਲੀਵ

ਕਰਮਚਾਰੀ ਦੀ ਡਿਊਟੀ ਦਾ 1 ਸਾਲ ਪੂਰਾ ਹੋਣ ਬਾਅਦ ਹੀ ਜੁੜੇਗੀ
ਜੁਆਇੰਨਿਗ ਮਿਤੀ ਤੋ 1 ਸਾਲ ਪੂਰਾ ਹੋਣ ਬਾਅਦ 1ਸਾਲ ਵਿੱਚ 20 ਹਾਲਫ ਪੇ ਛੁੱਟੀ ਜੁੜੇਗੀ ( ਸਾਰੇ ਕਰਮਚਾਰੀਆਂ ਤੇ ਇੱਕੋ ਜਿਹੀ ਲਾਗੂ ਹੈ )
ਹਰ ਕਰਮਚਾਰੀ ਸਾਲ ਵਿੱਚ ਅੱਧੀ ਤਨਖਾਹ ਤੇ 20 ਹਾਲਫ ਪੇ ਛੁੱਟੀ ਲੈ ਸਕਦਾ ਹੈ
ਜੇਕਰ ਕਰਮਚਾਰੀ ਨੇ ਤਨਖਾਹ ਪੂਰੀ ਲੈਣੀ ਹੈ ਤਾਂ ਛੁੱਟੀ ਡਬਲ ਕੱਟੀ ਜਾਂਦੀ ਹੈ
ਇਸ ਨੂੰ ਕਮਿਊਟਡ ਲੀਵ ਕਹਿੰਦੇ ਹਨ ।
ਜੇਕਰ ਹਾਲਫ ਪੇ ਤੇ ਹਾਂ ਤਾਂ ਹਾਲਫ ਪੇ ਕਮਿਊਟਡ ਜੇ ਫੁੱਲ ਪੇ ਤੇ ਹੈ ਤਾਂ ਫੁੱਲ ਪੇ ਕਮਿਊਟਡ ਲੀਵ

**ਜੇਕਰ ਕਿਸੇ ਮੈਡੀਕਲ ਬੇਸ ਤੇ ਇਹ ਛੁੱਟੀ ਲਈ ਜਾਂਦੀ ਹੈ ਤਾਂ ਹੀ ਇਸਨੂੰ ਮੈਡੀਕਲ ਕਮਿਊਟਡ ਲੀਵ ਕਹਿੰਦੇ ਹਨ ।**

ਕੋਈ ਵੀ ਕਰਮਚਾਰੀ ਆਪਣੀ ਸਰਵਿਸ ਦੇ ਦੌਰਾਨ 240 ਦਿਨ ਤੋ ਵੱਧ ਕਮਿਊਟਡ ਲੀਵ ਨਹੀ ਲੈ ਸਕਦਾ । ਅਤੇ 480 ਦਿਨ ਤੋ ਵੱਧ ਹਾਲਫ ਪੇ

# ( EOL) ਬਿਨਾਂ ਤਨਖਾਹ ਛੁੱਟੀ ਜਾਂ ਐਕਸਟਰਾ ਆਰਡਨਰੀ ਲੀਵ

ਕੋਈ ਵੀ ਕਰਮਚਾਰੀ ਜਿਸ ਕੋਲ ਕੋਈ ਹੋਰ ਛੁੱਟੀ ਨਾਂ ਹੋਵੇ , ਉਹ ਬਿਨਾਂ ਤਨਖਾਹ ਛੁੱਟੀ ਲੈ ਸਕਦਾ ਹੈ

ਸ਼ਰਤਾਂ : ਜੇਕਰ ਉਹ ਕਿਸੇ ਐਮਬੀਬੀਐਸ ਡਾਕਟਰ ਜਾਂ ਐਸਐਮਓ ਦਾ ਸਰਟੀਫਿਕੇਟ ਪੇਸ਼ ਕਰਕੇ ਇਹ ਛੁੱਟੀ ਲੈਦਾ ਹੈ ਤਾਂ ਉਸਦਾ ਇਹ ਸਮਾਂ ਡਿਊਟੀ ਪੀਰੀਅਡ ਮੰਨਿਆ ਜਾਵੇਗਾ

ਜੇਕਰ ਮੈਡੀਕਲ ਸਰਟੀਫਿਕੇਟ ਤੋ ਬਗੈਰ ਇਹ ਛੁੱਟੀ ਲਈ ਜਾਂਦੀ ਹੈ ਤਾਂ ਇਹ ਸਮਾਂ ਡਿਊਟੀ ਪੀਰੀਅਡ ਨਹੀ ਮੰਨਿਆ ਜਾਂਦਾ ।
ਭਾਵ ਕਰਮਚਾਰੀ ਦੇ ਰਿਟਾਇਰ ਹੋਣ ਤੇ ਇਹ ਸਮਾਂ ਬਗੈਰ ਡਿਊਟੀ ਮੰਨਿਆ ਜਾਂਦਾ ਹੈ ।

**ਸੀਐਸਆਰ ਵਿੱਚ ਕੋਈ ਵੀ ਐਡਵਾਂਸ ਛੁੱਟੀ ਦਾ ਕੰਨਸੈਪਟ ਨਹੀ ਹੈ** । ਜੋ ਛੁੱਟੀ ਹੈ , ਉਹੀ ਮੰਨਜੂਰੀ ਕੀਤੀ ਜਾ ਸਕਦੀ ਹੈ ।

ਜੇਕਰ ਕਰਮਚਾਰੀ ਕੋਲ ਹੋਰ ਕੋਈ ਵੀ ਛੁੱਟੀ ਨਹੀ ਹੈ ਤਾਂ ਉਹ ਬਿਨਾਂ ਤਨਖਾਹ ਛੁੱਟੀ ਲੈ ਸਕਦਾ ਹੈ । ਕਮਾਈ ਛੁੱਟੀ ਐਡਵਾਂਸ ਦੇਣ ਲਈ ਸਮਰੱਥ ਅਧਿਕਾਰੀ ਉਸ ਕਰਮਚਾਰੀ ਨੂੰ ਹੀ ਅਗਲੇ ਸਾਲ ਤੱਕ ਦੀ **ਨੋ ਡਿਊ ਅਰਨਡ ਲੀਵ** ਛੁੱਟੀ ਦੇ ਸਕਦਾ ਹੈ ਜੇਕਰ ਉਸ ਬਾਰੇ ਯਕੀਨ ਹੋਵੇ ਕਿ ਇਹ ਕਿ ਰਿਜਾਈਨ ਆਦਿ ਨਹੀ ਦੇਵੇਗਾ ।

**ਜੇਕਰ ਕੋਈ ਕਰਮਚਾਰੀ ਕੋਲ ਕਮਾਈ ਛੁੱਟੀ ਨਹੀ ਹੈ ਤਾਂ ਵੀਉਹ ਕਮਾਈ ਛੁੱਟੀ ਲੈਣਾ ਚਾਹੁੰਦਾ ਹੈ ਤਾਂ ਸਮਰੱਥ ਅਧਿਕਾਰੀ ਉਸਨੂੰ ਮੈਕਸੀਮਮ 8 ਕਮਾਈ ਛੁਟੀਆਂ ਦੇ ਸਕਦਾ ਹੈ ਜੋ ਕਿ ਉਸਦੇ ਖਾਤੇ ਵਿੱਚ ਛੁੱਟੀ ਜਮਾਂ ਹੋਣ ਤੇ ਕੱਟ ਲਈਆਂ ਜਾਣਗੀਆਂ । ਪ੍ਰੋਬੇਸ਼ਨਰ ਨੂੰ ਆਪਣੀ ਬਣਦੀ ਛੁੱਟੀ ਤੋ ਵੱਧ ਕੋਈ ਵੀ ਛੁੱਟੀ ਦਾ ਲਾਭ ਨਹੀ ਮਿਲੇਗਾ ।**

ਪ੍ਰਬੇਸ਼ਨਰ ਬਿਨਾਂ ਤਨਖਾਹ ਛੁੱਟੀ ਲੈ ਸਕਦਾ ਹੈ , ਪਰੰਤੂ ਉਸਦੇ ਪਰਖਕਾਲ ਅਤੇ ਹੋਰ ਬਣਦੇ ਸੇਵਾ ਲਾਭਾਂ ਲਈ , ਉਹ ਸਮਾਂ ਡਿਊਟੀ ਪੀਰੀਅਡ ਨਹੀ ਮੰਨਿਆ ਜਾਵੇਗਾ ।

# ਸਪੈਸ਼ਲ ਕਾਈਡ ਆਫ ਲੀਵ

ਮੈਟਰਨਿਟੀ ਲੀਵ : 180 ਦਿਨ

ਕਿਸੇ ਵੀ ਕਿਸਮ ਦੀ ਛੁੱਟੀ ਵਿੱਚੋ ਨਹੀ ਕੱਟੀ ਜਾਵੇਗੀ
ਜੇਕਰ ਮੈਟਰੀਨਿਟੀ ਲੀਵ ਤੋ ਬਾਅਦ ਵੀ ਛੁੱਟੀ ਦੀ ਜਰੂਰਤ ਹੈ ਤਾਂ ਬਣਦੀ ਛੁੱਟੀ ਵਿੱਚ ਕੋਈ ਵੀ ਲੀਵ ਦਿੱਤੀ ਜਾ ਸਕਦੀ ਹੈ ।

ਜੇਕਰ ਕਿਸੇ ਫੀਮੇਲ ਕਰਮਚਾਰੀ ਦਾ ਅਬਾਰਸ਼ਨ ਹੋਇਆ ਹੋਵੇ ਤਾਂ ਵੀ ਉਸਨੂੰ 180 ਦਿਨ ਦੀ ਹੀ ਛੁੱਟੀ ਦੇਣੀ ਹੈ ।

ਮਿਸਕੈਰਿਜ ਲੀਵ : ਸਾਰੀ ਲਾਈਫ ਵਿੱਚ 45 ਦਿਨ ਦੀ ਲੀਵ ਲੈ ਸਕਦਾ ਹੈ

ਪੈਟਰਨਿਟੀ ਲੀਵ

ਕੋਈ ਵੀ ਮੇਲ ਕਰਮਚਾਰੀ ਆਪਣੇ ਬੱਚੇ ਦੇ ਜਨਮ ਤੋ ਬਾਅਦ 15 ਦਿਨ ਦੀ ਪੈਟਰਨਿਟੀ ਲੀਵ ਲੈ ਸਕਦਾ ਹੈ ਜੋ ਕਿ ਉਸਦੇ ਲੀਵ ਖਾਤੇ
ਕਮਿਊਟਡ ਲੀਵ ਵਿੱਚ ਡੈਬਿਟ ਹੋਵੇਗੀ
ਇਹ ਲੀਵ ਬੱਚੇ ਦੇ ਜਨਮ ਤੇ ਤੁਰੰਤ ਬਾਅਦ 15 ਦਿਨ ਦੇ ਅੰਦਰ ਅੰਦਰ ਅਪਲਾਈ ਕਰਨੀ ਜਰੂਰੀ ਹੈ ਤਾਂ ਹੀ ਮਿਲੇਗੀ ।
ਜੇਕਰ ਕੋਈ ਕਰਮਚਾਰੀ ਪ੍ਰੋਬੇਸ਼ਨਰ ਹੈ ਤਾਂ ਉਸਦੀਆਂ ਇੱਕ ਸਾਲ ਵਿੱਚ 20 ਲੀਵ ਕਰੈਡਿਟ ਹੋਈਆਂ ਹਨ ਤਾਂ ਉਸਨੂੰ 10 ਦਿਨ ਦੀ ਹੀ ਇਹ ਲੀਵ ਮਿਲੇਗੀ

ਕਿਸੇ ਵੀ ਕਰਮਚਾਰੀ ਦੇ ਅਸਤੀਫਾ ਦੇਣ ਤੇ ਉਸਦੀਆਂ ਸਾਰੀਆਂ ਛੁੱਟੀਆਂ ਕੈਂਸਲ ਹੋ ਜਾਂਦੀਆਂ ਹਨ ਭਾਵ ਜਬਤ ਹੋ ਜਾਂਦੀਆਂ ਹਨ ਤੇ
ਉਸਨੂੰ ਕਿਸੇ ਵੀ ਛੁੱਟੀ ਦਾ ਲਾਭ ਨਹੀ ਮਿਲਦਾ ।

# ਰੂਲਜ

ਅਡਾਪਸ਼ਨ ਲੀਵ : 8.128 ( A ) ਕਰਮਚਾਰੀ 3 ਮਹੀਨੇ ਤੱਕ ਦੀ ਛੁੱਟੀ ਲੈ ਸਕਦਾ ਹੈ । ਜੇਕਰ ਉਹ ਨਿਊ ਬੋਰਨ ਨੂੰ ਅਡਾਪਟਕਰਦਾ ਹੈ ।
ਚਾਈਲਡ ਕੇਅਰ ਲੀਵ 8.128 ( B )

# ਅਲਾਊਸੈਸ ਜ਼ਾ ਭੱਤੇ

ਜਿਸ ਜਗਾ ਤੇ ਪੋਸਟਿਗ ਹੋਵੇ ਉਸ ਜਗਾਂ ਤੇ ਹਿਸਾਬ ਨਾਲ ਹੀ ਅਲਾਊਸ ਮਿਲਣਾ ਹੈ
ਉਦਾਹਰਨ ਤੇ ਤੌਰ ਤੇ ਜੇਕਰ ਕੋਈ ਕਰਮਚਾਰੀ ਸ਼ਹਿਰ ਦੇ ਸਕੂਲ ਵਿੱਚ ਨੌਕਰੀ ਕਰਦਾ ਹੈ , ਭਾਵੇ ਉਹ ਪਿੰਡ ਰਹਿੰਦਾ ਹੋਵੇ , ਉਸਨੂੰ ਰੂਰਲ ਏਰੀਆ
ਅਲਾਊਸ ਨਹੀ ਮਿਲੇਗਾ ।

ਜਿਸ ਜਗਾਂ ਤੋ ਸੈਲਰੀ ਨਿਕਲਦੀ ਹੈ ਉਸਦੇ ਹਿਸਾਬ ਨਾਲ ਹੀ ਭੱਤਾ ਮਿਲਦਾ ਹੈ ।
ਜੇਕਰ ਕਿਸੇ ਨੂੰ ਸਰਕਾਰੀ ਕਵਾਰਟਰ ਜਾਂ ਮਕਾਨ ਮਿਲਿਆ ਹੈ ਤਾਂ ਉਸਨੂੰ HRA ਨਹੀ ਮਿਲੇਗਾ ।

# ਸਸਪੈਡ ਹੋਣ ਤੇ ਤਨਖਾਹ

ਜੇਕਰ ਕੋਈ ਕਰਮਚਾਰੀ ਜੇਕਰ ਸਸਪੇਡ ਹੋ ਜਾਂਦਾ ਹੈ ਤਾਂ ਉਸਨੂੰ ਹੇਠ ਲਿਖੇਅਨੁਸਾਰ ਹੀ ਪੇ ਮਿਲਦੀ ਹੈ

ਬੇਸਿਕ ਪ / 2
ਗਰੇਡ ਪੇ /2
ਡੀਏ ਉਸੇ ਪੇ ਤੇ ਜੋ ਵੀ ਡੀਏ ਰੇਟ ਹੈ ।
HRA ਤੇ ਹੋਰ ਭੱਤੇ ਉਸੇ ਤਰਾਂ ਹੀ ਮਿਲਦੇ ਹਨ
MA ਵੀ ਨਹੀ ਬਦਲੇਗਾ ।
ਸਾਰੇ ਕੰਪਨਸੇਟਰੀ ਅਲਾਊਸ ਮਿਲਦੇ ਹਨ , ਹੋਰ ਕੋਈ ਅਲਾਊਸ ਨਹੀ ਮਿਲਣਾ ।

**ਸਸਪੈਂਡ ਹੋਏ ਕਰਮਚਾਰੀ ਦੇ ਕੇਸ ਵਿੱਚ ਇੱਕ ਕਮੇਟੀ ਬਣਾਈ ਜਾਂਦੀ ਹੈ ਜੋ ਹਰ 6 ਮਹੀਨੇ ਬਾਅਦ ਉਸ ਕੇਸ ਨੂੰ ਰਵੀਊ ਕਰਦੀ ਹੈ ।**

**ਪਹਿਲੀ ਸਟੇਜ**

ਜੇਕਰ ਸਸਪੈਂਡ ਹੋਇਆ ਕਰਮਚਾਰੀ ਇਨਕੁਆਰੀ ਵਿੱਚ ਕੋਆਪ੍ਰੇਟ ਨਹੀ ਕਰਦਾ , ਉਸਦੀ ਜਿੰਮੇਵਾਰੀ ਕਾਰਨ ਇਨਕੁਆਰੀ ਲੇਟ ਹੁੰਦੀ ਹੈ ਤਾਂ ਉਸਦੀ ਤਨਖਾਹ ਹੋਰ ਘਟਾਈ ਜਾ ਸਕਦੀ ਹੈ । 50 ਪ੍ਰਤੀਸ਼ਤ ਤੱਕ

**ਦੂਸਰੀ ਸਟੇਜ**

ਜੇਕਰ ਕਰਮਚਾਰੀ ਤਾਂ ਇਨਕੁਆਰੀ ਫਾਲੋ ਕਰ ਰਿਹਾ ਹੈ , ਪਰੰਤੂ ਪ੍ਰਬੰਧਕੀ ਕਾਰਨਾਂ ਕਰਕੇ ਉਸਦੇ ਕੇਸ ਦਾ ਕੋਈ ਫੈਸਲਾ ਨਹੀ ਹੋ ਪਾ ਰਿਹਾ ਤਾਂ ਇਸ ਕੇਸ ਵਿੱਚ ਉਸਦੇ ਡਿਪਾਰਟਮੈਂਟ ਦੀ ਗਲਤੀ ਮੰਨਦੇ ਹੋਏ , ਉਸਦੀ ਤਨਖਾਹ 50 ਪ੍ਰਤੀਸ਼ਤ ਤੱਕ ਵਧਾਈ ਜਾ ਸਕਦੀ ਹੈ ।

**ਤੀਸਰੀ ਸਟੇਜ**

ਜੇਕਰ ਕੇਸ ਵਿੱਚ ਕਿਸੇ ਦੀ ਗਲਤੀ ਨਹੀ ਤੇ ਕੋਈ ਫੈਸਲਾ ਨਹੀ ਹੋ ਪਾ ਰਿਹਾ ਤਾਂ ਤਨਖਾਹ ਉਤਨੀ ਹੀ ਰਹੇਗਾ ਘਟਾਈ ਜਾਂ ਵਧਾਈ ਨਹੀ ਜਾਵੇਗੀ ।

ਹਰ 6 ਮਹੀਨੇ ਬਾਅਦ ਇਹ ਤਿੰਨ ਸਟੇਜਾਂ ਧਿਆਨ ਵਿੱਚ ਲਿਆਉਣੀਆਂ ਜਰੂਰੀ ਹਨ ।

ਜੇਕਰ ਕੋਈ ਕਰਮਚਾਰੀ ਸਸਪੈਂਡ ਹੋਇਆ ਪਰੰਤੂ ਉਹ ਕੋਰਟ ਵਿੱਚ ਚਲਾ ਗਿਆ ਤੇ ਕੋਰਟ ਨੇ ਉਸਨੂੰ ਬਾ ਇੱਜਤ ਬਰੀ ਕਰ ਦਿੱਤਾ ਤਾਂ ਉਸ ਕੇਸ ਵਿੱਚ
ਕੋਰਟ ਦੇ ਹੁਕਮਾਂ ਅਨੁਸਾਰ ਸਸਪੈਨਸ਼ਨ ਪੀਰੀਅਡ ਡਿਊਟੀ ਪੀਰੀਅਡ ਮੰਨਿਆ ਜਾਵੇਗਾ । ਕਰਮਚਾਰੀ ਨੂੰ ਪੂਰੀ ਸੈਲਰੀਦਿੱਤੀ ਜਾਵੇਗੀ ਤੇ ਪੈਨਸ਼ਨ ਆਦਿਕ ਬੈਨੀਫਿਟ ਲਈ ਵੀ ਇਹ ਸਮਾਂ ਕਾਊਟ ਕਰੇਗਾ ।

ਜੇਕਰ ਕਰਮਚਾਰੀ ਦੀ ਇੱਕ ਪ੍ਰਤੀਸ਼ਤ ਵੀ ਗਲਤੀ ਹੈ , ਪਰੰਤੂ ਕੋਰਟ ਨੇ ਉਸਨੂੰ ਸਬੂਤਾਂ ਦੀ ਘਾਟ ਕਾਰਨ ਛੱਡਿਆ ਹੈ ਤਾਂ ਉਸਦਾ ਇਹ ਸਮਾਂ ਡਿਊਟੀ
ਪੀਰੀਅਡ ਨਹੀ ਮੰਨਿਆ ਜਾਵੇਗਾ । ਇਹ ਕੋਰਟ ਡਿਸਾਈਡ ਕਰੇਗਾ ਕਿ ਉਸ ਪੀਰੀਅਡ ਨੂੰ ਕਿਸ ਬੈਨੀਫਿਟ ਲਈ ਮੰਨਿਆ ਜਾਵੇ ਤੇ ਨਾਂ ਮੰਨਿਆ ਜਾਵੇ ।

ਕਿਸੇ ਵੀ ਕਰਮਚਾਰੀ ਦੇ ਅਸਤੀਫਾ ਦੇਣ ਤੇ ਸਿਰਫ ਜੀਪੀ ਫੰਡ ਤੇ ਜੀਆਈਐਸ ਹੀ ਮਿਲਣਯੋਗ ਹੈ
ਗਰੈਚਟੀ ਤੇ ਲੀਵ ਇਨਕੈਸ਼ਮੈਟ ਨਹੀ

# ਐਬਸੈਟ ਕਰਮਚਾਰੀ ( ਗੈਰਹਾਜਰ ਕਰਮਚਾਰੀ )

ਕਰਮਚਾਰੀ ਤੇ ਐਬਸੈਟ ਹੋਣ ਤੇ
ਪੁਰਾਣੀ ਸਰਵਿਸ ਫੋਰਫੀਟ ਹੋ ਸਕਦੀ ਹੈ

ਐਬਸੈਟ ਟਾਈਮ ਤਾਂ ਨਾਨ ਡਿਊਟੀ ਪੀਰੀਅਡ ਹੀ ਮੰਨਿਆ ਜਾਵੇਗਾ
ਹਾਲਫ ਪੇ ਲੀਵ ਵੀ ਕੱਟੇਗੀ
ਇਹ ਸਮਾਂ ਸਾਲਾਨਾ ਤਰੱਕੀ ਲਈ ਵੀ ਨਹੀ ਮੰਨਿਆ ਜਾਵੇਗਾ
ਇਹ ਸਮਾਂ ਪੈਨਸ਼ਨ ਬੈਨੀਫਿਟ ਲਈ ਵੀ ਨਹੀ ਮੰਨਿਆ ਜਾਵੇਗਾ

ਕਿਸੇ ਵੀ ਕਰਮਚਾਰੀ ਦੇ ਵਾਧੇ ਤੇ ਹੋਣ ਤੇ ਉਸਨੂੰ ਮੈਡੀਕਲ ਰੀਇੰਮਬਰਸਮੈਟ ਦਾ ਲਾਭ ਨਹੀ ਮਿਲੇਗਾ
ਲਾਭ 58 ਸਾਲ ਦੀ ਸੇਵਾ ਨੂੰ ਮੁੱਖ ਰੱਖਦੇ ਹੋਏ ਹੀ ਮਿਲਣੇ ਹਨ ।

# ਪ੍ਰੀਮੈਚਓਰ ਰਿਟਾਇਰਮੈਟ

ਹਰ 15 , 20 , 25 ਸਾਲ ਬਾਅਦ ਮਹਿਮਕਾ ਇਹ ਦੇਖਣਾ ਯਕੀਨੀ ਬਣਾਏਗਾ ਕਿ ਕਿਸ ਕਰਮਚਾਰੀ ਨੂੰ ਰਿਟਾਇਰ ਕਰਨਾ ਹੈ

3 ( 1 ) ਜਬਰੀ ਰਿਟਾਇਰਮੈਟ ਕਰਮਚਾਰੀ ਨੂੰ 3 ਮਹੀਨੇ ਦਾ ਨੋਟਿਸ ਦੇ ਕੇ ਜਬਰੀ ਰਿਟਾਇਰ ਕੀਤਾ ਜਾ ਸਕਦਾ ਹੈ
3 ( 2 ) ਅਤੇ 3 ( 3 ) ਜਿਸ ਵਿਅਕਤੀ ਨੇ 20 ਸਾਲ ਦੀ ਸਰਵਿਸ ਕੀਤੀ ਹੋਵੇ ਜਾਂ 50 ਸਾਲ ਦੀ ਉਮਰ ਹੋਵੇ , ਤਾਂ ਉਹ ਸਵੈ ਇੱਛਤ ਰਿਟਾਇਰਮੈਟ ਲੈ ਸਕਦਾ ਹੈ ।

ਮੰਨ ਲਵੋ ਕੋਈ ਕਰਮਚਾਰੀ 40 ਸਾਲ ਦਾ ਨੌਕਰੀ ਵਿੱਚ ਆਇਆ ਹੈ ਤਾਂ ਉਹ 50 ਸਾਲ ਦੀ ਸਰਵਿਸ ਕਰਨ ਉਪਰੰਤ ਰਿਟਾਇਰਮੈਟ ਲੈ ਸਕਦਾ ਹੈ
ਜੇਕਰ ਕੋਈ 18 ਸਾਲ ਦਾ ਨੌਕਰੀ ਵਿੱਚ ਆਇਆ ਤਾਂ ਉਹ 38 ਸਾਲ ਦੀ ਉਮਰ ਵਿੱਚ ਸਵੈ ਇੱਛਕ ਰਿਟਾਇਰਮੈਟ ਲੈ ਸਕਦਾ ਹੈ ।

ਜੇਕਰ ਕੋਈ 3 ( 2 ) ਤੇ 3 ( 3 ) ਵਿੱਚ ਰਿਟਾਇਰਮੈਂਟ ਲੈਂਦਾ ਹੈ ਤਾਂ ਉਸਨੂੰ 5 ਸਾਲ ਦੀ ਨੌਕਰੀ ਤੱਕ ਦਾ ਲਾਭ ਮਿਲਦਾ ਹੈ

ਜੇਕਰ ਉਮਰ 56 ਸਾਲ ਹੈ ਅਤੇ 22 ਸਾਲ ਦੀ ਸਰਵਿਸ ਹੈ ਤਾਂ 22 + 2 = 24 ਸਾਲ ਦੀ ਨੌਕਰੀ ਦਾ ਲਾਭ ਮਿਲੇਗਾ
ਜੇਕਰ ਉਮਰ 51 ਸਾਲ ਹੈ ਅਤੇ 22 ਸਾਲ ਦੀ ਸਰਵਿਸ ਹੈ ਤਾਂ 22 + 5 = 27 ਸਾਲ ਦੀ ਨੌਕਰੀ ਦਾ ਲਾਭ ਮਿਲੇਗਾ

ਜੇਕਰ ਉਮਰ 56 ਸਾਲ ਹੈ ਅਤੇ ਸਰਵਿਸ 22 ਸਾਲ ਹੈ ਤਾਂ 24 ਸਾਲ ਦੀ ਸਰਵਿਸ ਹੀ ਮੰਨੀ ਜਾਵੇਗੀ ।

ਜੇਕਰ ਕਿਸੇ ਕਰਮਚਾਰੀ ਦੀ ਜਨਮ ਮਿਤੀ 01/01/1968 ਹੈ ਤਾਂ ਉਹ 01/01/2018 ਨੂੰ 50 ਸਾਲ ਦੀ ਉਮਰ ਉਪਰੰਤ ਸਵੈ ਇੱਛਕ ਰਿਟਾਇਰਮੈਂਟ ਲੈ ਸਕਦਾ ਹੈ

ਜੇਕਰ ਜੁਆਇੰਗ ਕਰਨ ਦੀ ਮਿਤੀ 01/01/1990 ਹੈ ਤਾਂ 01/01/2010 ਨੂੰ 20 ਸਾਲ ਦੀ ਸੇਵਾ ਉਪਰੰਤ ਸਵੈ ਇਛੱਕ ਰਿਟਾਇਰਮੈਂਟ ਲੈ ਸਕਦਾ ਹੈ ।

# ਕਿਹੜਾ ਕਰਮਚਾਰੀ ਸਵੈ ਇਛਕ ਰਿਟਾਇਰਮੈਂਟ ਨਹੀ ਲੈ ਸਕਦਾ ਜਾਂ ਲੈਣ ਸਬੰਧੀ ਸ਼ਰਤਾਂ

ਕੋਰਟ ਕੇਸ , ਵਿਭਾਗੀ ਕਾਰਵਾਈ ਨਾਂ ਪੈਡਿੰਗ ਹੋਵੇ
ਕੋਈ ਆਡਿਟ ਪੈਰਾ ਪੈਡਿੰਗ ਨਾਂ ਹੋਵੇ ।
ਐਲਟੀਸੀ ਨਾਲ ਸਬੰਧੀ ਕੋਈ ਕੇਸ ਪੈਡਿੰਗ ਨਾਂ ਹੋਵੇ
ਡਿਗਰੀਆਂ ਤੇ ਯੋਗਤਾਂਵਾਂ ਦੀ ਵੈਰਫਿਕਸ਼ੇਨ ਹੋਈ ਹੋਵੇ
ਪੀ ਆਰ , ਗਰੀਨ ਕਾਰਡ ਹੋਲਡਰ ਨਾਂ ਹੋਵੇ ।
ਪੁਲਸ ਵੈਰੀਫਿਕੇਸ਼ਨ ਹੋਈ ਹੋਵੇ ।

# ਜੀਪੀਫੰਡ ਸਬੰਧੀ

ਜੀਪੀਫੰਡ ਆਪਣੇ ਬੇਸਿਕ ਤੇ ਗਰੇਡ ਪੇ ਦਾ ਘੱਟ ਤੋ ਘੱਟ 5 ਪ੍ਰਤੀਸ਼ਤ ਤੇ ਵੱਧ ਤੋ ਵੱਧ ਗਰਾਸ ਸੈਲਰੀ ਜਿਨਾ ਕਟਵਾਇਆ ਜਾ ਸਕਦਾ ਹੈ

ਹੁਣ ਸਾਰੇ ਹੀ ਜੀਪੀਫੰਡ ਐਡਵਾਂਸ ਨਾਂ ਮੋੜਨਯੋਗ ਹਨ
ਜੀਪੀਫੰਡ ਦੀ ਨਾਮੀਨੇਸ਼ਨ ਹੋਣੀ ਜਰੂਰੀ ਹੈ । ਪਰਿਵਾਰਕ ਮੈਬਰਾਂਦੀ

ਵਿਆਹ ਹੋਣ ਉਪਰੰਤ ਨਾਮੀਨੇਸ਼ਨ ਬਦਲਣੀ ਜਰੂਰੀ ਹੈ ।

# ਜੀਪੀਫੰਡ ਐਡਵਾਂਸ

5 ਸਾਲ ਬਾਅਦ ਦੋ ਪਹੀਆ ਵਹੀਕਲ ਲਈ
12 ਸਾਲ ਬਾਅਦ ਕਾਰ ਲਈ
10 ਸਾਲ ਬਾਅਦ ਮਕਾਨ ਲਈ
20 ਸਾਲ ਬਾਅਦ ਵਿਆਹ ਲਈ ( ਬੇਟੇ ਜਾਂ ਬੇਟੀ ਦੀ ਸ਼ਾਦੀ ਲਈ )
ਕੋਈ ਵੀ ਕਰਮਚਾਰੀ ਆਪਣੇ ਤੇ ਨਿਰਭਰ ਕਿਸੇ ਵੀ ਡਿਪੈਂਡੈਂਟ ਦੇ ਵਿਆਹ ਲਈ ਜੀਪੀਫੰਡ ਐਡਵਾਂਸ ਲੈ ਸਕਦਾ ਹੈ

ਜੀਪੀਫੰਡ ਦਾ ਵਿਆਜ

7.9
7.8
7.8
7.6
ਕਵਾਰਟਰਲੀ ਸਾਲ 2017-18

ਕੋਈ ਵੀ ਕਰਮਚਾਰੀ ਜਿਸਨੇ ਵਾਧਾ ਨਾਂ ਲੈਣਾ ਹੋਵੇ ਆਪਣੀ ਰਿਟਾਇਰਮੈਂਟ ਤੋ ਪਹਿਲਾਂ 90 ਪ੍ਰਤੀਸ਼ਤ ਐਡਵਾਂਸ ਰਾਸ਼ੀ ਲੈ ਸਕਦਾ ਹੈ । ਨਾਂ ਮੋੜਨਯੋਗ

# ਜੀਆਈਐਸ

ਜੀਆਈਐਸ ਦੀ ਕਟੌਤੀ ਸਬੰਧੀ
ਸਿਰਫ ਪ੍ਰਮੋਟ ਹੋਣ ਤੇ ਹੀ ਕਰਮਚਾਰੀ ਦੀ ਸਬਸਕਰਿਪਸ਼ਨ ਬਦਲੀ ਜਾਵੇਗੀ

ਯੂਨਿਟ ਵੈਲਯੂ
ਡੀ ਲਈ 1
ਸੀ ਲਈ 2
ਬੀ ਲਈ 4
ਏ ਲਈ 8

**ਬਹੁਤ ਸਾਰੇ ਕਰਮਚਾਰੀਆਂ ਵੱਲ ਦਸੰਬਰ 2012 ਵਿੱਚ ਗਰੇਡ ਬਦਲਣ ਤੇ ਗਰੇਡ ਪੇ ਵਧਣ ਕਾਰਨ ਜੀਆਈ ਸਬਸਕਰਿਪਸ਼ਨ ਬਦਲੀ ਗਈ ਸੀ ਜੋ ਕਿ ਗਲਤ ਸੀ , ਉਸ ਸਮੇ ਗਰੇਡ ਰੀਵਾਈਜ ਹੋਏ ਸਨ ਨਾਂ ਕਿ ਪ੍ਰਮੋਸ਼ਨਾਂ ਹੋਈਆਂ ਸਨ , ਸਬਸਕਰਿਪਸ਼ਨ ਉਤਨੀ**

**ਹੀ ਰਹਿਣੀ ਸੀ ਜਿਤਨੀ ਪਹਿਲਾਂ ਸੀ** ਜੇਕਰ ਵੱਧ ਕਟੌਤੀ ਕੀਤੀ ਗਈ ਹੈ ਤਾਂ ਉਸਦਾ ਕੋਈ ਲਾਭ ਨਹੀ ਮਿਲੇਗਾ ਲਾਭ ਕੀਤੀ ਗਈ ਕਟੌਤੀ 30 ,60 , 120 ਦੇ ਹਿਸਾਬ ਨਾਲ ਹੀ ਮਿਲੇਗਾ

ਜੀਆਈਐਸ ਦੀ ਸਬਸਕਰਿਪਸ਼ਨ ਅਕਤੂਬਰ 1982 ਤੋ ਸ਼ੁਰੂ ਕੀਤੀ ਗਈ ਸੀ

ਜੇਕਰ ਕੋਈ 01/10/1983 ਨੂੰ ਸਬਸਕਰਿਪਸ਼ਨ ਲੈਦਾ ਹੈ ਤਾਂ ਟੇਬਲ ਵਿੱਚ ਜਿਸ ਮਹੀਨੇ ਉਹ ਰਿਟਾਇਰ ਹੁੰਦਾ ਹੈ , ਉਸ ਸਾਲ ਦੇ ਜੀਆਈਐਸ ਟੇਬਲ ਦਾ ਲਾਸਟ ਬੈਲੈਸ ਦੇਖਣਾ ਹੈ

**ਜੇਕਰ ਕੋਈ ਨਵੰਬਰ 1984 ਵਿੱਚ ਆਇਆ ਤਾਂ ਉਸਦੀ ਸਬਸਕਰਪਿਸ਼ਨ 01/10/1985 ਦੀ ਇੱਕ ਸਾਲ ਬਾਅਦ ਦੀ ਮੰਨੀ ਜਾਵੇਗੀ**

1990 ਤੋ ਬਾਅਦ ਜਨਵਰੀ ਮਹੀਨੇ ਦੀ ਸਬਸਕਰਪਿਸ਼ਨ ਤੇ ਆਧਾਰ ਤੇ ਜੀਆਈ ਦਾ ਬੈਲੇਸ ਕੈਲਕੂਲੇਟ ਕੀਤਾ ਜਾਂਦਾ ਹੈ ।

**ਉਦਾਹਰਨ ਕੋਈ ਕਰਮਚਾਰੀ**

01/06/1990 ਨੂੰ ਡੀ ਕੈਟੇਗਰੀ ਵਿੱਚ ਸੀ
01/06/1995 ਨੂੰ ਸੀ
01/06/2010 ਨੂੰ ਬੀ ਵਿੱਚ
01/06/2016 ਨੂੰ ਏ ਵਿੱਚ ਚਲਾ ਗਿਆ ਤਾਂ

ਮੰਨ ਲਵੋ ਉਸਦੀ ਰਿਟਾਇਰਮੈਟ 31/10/2017 ਦੀ ਹੈ ਤਾਂ ਸਾਲ 2017 ਦਾ ਜੀਆਈਐਸ ਟੇਬਲ ਲੈ ਕੇ ਅਕਤੂਬਰ ਮਹੀਨਾ ਦੇਖੋ

01-06-1990 ਲਈ ਸਾਲ 1991 ਦਾ ਟੇਬਲ ਦੇਖਣਾ ਹੈ ਅਕਤੂਬਰ ਮਹੀਨੇ ਦਾ ਬੈਲੈਸ 14550 ਗੁਣਾ 1

01/06/1995 ਵਿੱਚ ਸੀ ਕੈਟੇਗਰੀ ਲਈ 01/01-1996 ਦਾ ਟੇਬਲ ਦੇਖੋ ਅਕਤੂਬਰ ਮਹੀਨੇ ਦਾ 8147 ਗੁਣਾ 1 ( ਦੂਸਰੇ ਯੂਨੀਟ ਲਈ 1 ਜਮਾਂ 1 = 2 )

01/06/2010 ਵਿੱਚ ਬੀ ਕੈਟੇਗਰੀ ਲਈ 01/01/2011 ਦਾ ਟੇਬਲ ਦੇਖੋ ਅਕਤੂਬਰ ਮਹੀਨੇ ਦਾ 1160 ਗੁਣਾ 2 ( ਦੋ ਯੂਨੀਟ ਪਹਿਲਾਂ ਹੋ ਗਏ ਜਮਾਂ ਦੋ ਯੂਨੀਟ ਹੁਣ )

01/06/2016 ਲਈ 01/01/2017 ਦਾ ਟੇਬਲ ਦੇਖੋ ਅਕਤੂਬਰ ਮਹੀਨੇ ਦਾ 108 ਗੁਣਾ 4 ( ਚਾਰ ਯੂਨੀਟ ਪਹਿਲਾਂ ਹੋ ਗਏ ਜਮਾਂ 4 ਯੂਨੀਟ ਹੁਣ ਟੋਟਲ ਹੋ ਗਏ 8 )

**ਇਹਨਾਂ ਸਾਰੀਆਂ ਵੈਲਯੂ ਦਾ ਜੋੜ ਕਰ ਦਿਉ**

# ਜੀਆਂਈ ਬਦਲਣ ਬਾਰੇ

ਜੇਕਰ ਕੋਈ ਕਰਮਚਾਰੀ ਪ੍ਰਮੋਟ ਹੋਇਆ ਅਤੇ ਉਸਦਾ ਜੀਆਈ ਬਦਲਣਾ ਹੈ ਤਾਂ ਉਹ ਅਗਲੇ ਸਾਲ ਜਨਵਰੀ ਤੋ ਹੀ ਬਦਲਿਆ ਜਾਵੇਗਾ । ਪਰੰਤੂ ਜੇਕਰ ਕਿਸੇ ਕਾਰਨ ਉਹ ਫਰਵਰੀ ਵਿੱਚ ਰਿਵਰਟ ਹੋ ਗਿਆ ਤਾਂ ਉਸਦਾ ਜੀਆਈਐਸ ਅਗਲੇ ਸਾਲ ਹੀ ਬਦਲਿਆ ਜਾਵੇਗਾ ਨਾਂ ਕਿ ਉਸੇ ਸਾਲ । ਉਸ ਸਾਲ ਉਸਦੀ ਕਟੌਤੀ ਉਹੀ ਕਰਨੀ ਹੈ । ਰਿਟਾਇਰਮੈਂਟ ਤੇ ਉਸਨੂੰ ਲਾਭ ਮੌਜੂਦਾ ਕੇਡਰ ਦੇ ਹਿਸਾਬ ਨਾਲ ਹੀ ਮਿਲਣਾ ਹੈ ਨਾਂ ਕਿ ਕੀਤੀ ਗਈ ਕਟੌਤੀ ਦੇ ਹਿਸਾਬ ਨਾਲ

# ਪੇ ਫਿਕਸ਼ੇਸਨਾਂ ਤੇ ਪ੍ਰੋਬੇਸ਼ਨਰਾਂ ਲਈ

05/09/2016 ਤੋ ਬਾਅਦ 3 ਸਾਲ ਦੀ ਪ੍ਰੋਬੇਸ਼ਨ ਦੀ ਕੰਡੀਸ਼ਨ ਕਰ ਦਿੱਤੀ ਗਈ ਹੈ ।

ਜਿਹੜੇ ਕਰਮਚਾਰੀ 05/09/2016 ਤੋ ਪਹਿਲਾਂ ਆਏ ਹਨ , ਉਹਨਾਂ ਤੇ 2 ਸਾਲ ਦੇ ਪ੍ਰੋਬੇਸ਼ਨ ਦੀ ਹੀ ਕੰਡੀਸ਼ਨ ਲੱਗੇਗੀ , ਪੂਰਾ ਗਰੇਡ ਮਿਲੇਗਾ ।

ਜਿਹੜੇ ਕਰਮਚਾਰੀ 05/09/2016 ਤੋ ਬਾਅਦ ਆਏ ਹਨ , ਪਰੰਤੂ ਉਹਨਾਂ ਦੀ ਐਡਵਰਟਾਈਸਮੈਂਟ 15/01/2015 ਤੋ ਪਹਿਲਾਂ ਦੀ ਹੈ ਤੇ ਟੈਸਟ ਆਦਿਕ ਵੀ ਉਸਤੋ ਪਹਿਲਾਂ ਹੈ ਤਾਂ ਵੀ ਉਹਨਾਂ ਤੇ 2 ਸਾਲ ਦੇ ਪ੍ਰੋਬੇਸ਼ਨ ਪੀਰੀਅਡ ਦੀ ਸ਼ਰਤ ਹੀ ਲੱਗੇਗੀ ਅਤੇ ਪੂਰਾ ਗਰੇਡ ਮਿਲੇਗਾ ।

ਜਿਹੜੇ ਕਰਮਚਾਰੀ 05/09/2016 ਤੋ ਬਾਅਦ ਆਏ ਹਨ , ਅਤੇ ਉਹਨਾਂ ਦੀ ਐਡਵਰਟਾਈਸਮੈਟ 15/01/2015 ਤੋ ਬਾਅਦ ਦੀ ਹੈ ਉਹਨਾਂ ਤੇ 3 ਸਾਲ ਪ੍ਰੋਬੇਸ਼ਨ ਪੀਰੀਅਡ ਦੀ ਸ਼ਰਤ ਹੈ ਤੇ ਬੇਸਿਕ ਪੇ ਅਤੇ ਆਈਆਰ 5 ਪ੍ਰਤੀਸ਼ਤ ਹੀ ਮਿਲਣਯੋਗ ਹੈ

## ਔਲਡ ਏਜ ਅਲਾਊਸ

ਹਰ ਰਿਟਾਇਰ ਹੋਏ ਕਰਮਚਾਰੀ ਨੂੰ 65 ਸਾਲ ਦੀ ਉਮਰ ਉਪਰੰਤ 5 ਪ੍ਰਤੀਸ਼ਤ ਔਲਡ ਏਜ ਅਲਾਊਸ ਮਿਲਦਾ ਹੈ ਜੇਕਰ ਉਸਤੇ ਕੋਈ ਵਿਭਾਗੀ ਕਾਰਵਾਈ ਪੈਡਿੰਗ ਨਾਂ ਹੋਵੇ , ਜੇਕਰ ਕਿਸੇ ਤੇ ਕੋਈ ਇਨਕੁਆਰੀ ਬਾਕੀ ਹੈ ਅਤੇ ਪੈਨਸ਼ਨ ਪ੍ਰੋਵੀਜਨਲ ਹੈ ਤਾਂ ਔਲਡ ਏਜ ਅਲਾਊਸ ਨਹੀ ਮਿਲੇਗਾ ।

## ਪੈਨਸ਼ਨ

ਪੈਨਸ਼ਨ ਦਾ ਪ੍ਰੋਸੈਸ ਦੋ ਸਾਲ ਪਹਿਲਾਂ ਹੀ ਸੁਰੂ ਹੋ ਜਾਂਦਾ ਹੈ । ਜੀਪੀਫੰਡ ਦੀ ਕਟੌਤੀ 6 ਮਹੀਨਾ ਪਹਿਲਾਂ ਹੀ ਬੰਦ ਹੋ ਜਾਂਦੀ ਹੈ । ਜੇਕਰ ਕੋਈ ਕਰਮਚਾਰੀ ਕਹਿਣ ਤੇ ਵੀ ਕਟੌਤੀ ਬੰਦ ਨਹੀ ਕਰਵਾਉਦਾ ਤਾਂ ਉਸਤੋ ਲਿਖਤੀ ਰੂਪ ਵਿੱਚ ਲਿਆ ਜਾਵੇ ਕਿ ਉਸਨੂੰ ਇਹਨਾਂ 6 ਮਹੀਨਿਆਂ ਦਾ ਜੀਪੀਫੰਡ ਦਾ ਕੋਈ ਵੀ ਵਿਆਜ ਨਹੀ ਮਿਲੇਗਾ ।

ਨੋ ਡਿਊ ਸਰਟੀਫਿਕੇਟ 8 ਮਹੀਨੇ ਪਹਿਲਾਂ ਦੇਣਾ ਤੇ ਪੈਨਸ਼ਨ ਕੇਸ 6 ਮਹੀਨੇ ਪਹਿਲਾਂ ਭੇਜਣਾ ਜਰੂਰੀ ਹੈ ।

ਕਰਮਚਾਰੀ ਦਾ ਸਾਰੀ ਸਰਵਿਸ ਵੈਰੀਫਾਈ ਕੀਤੀ ਜਾਵੇ ਤੇ ਉਸਤੋ ਸਬੰਧਤ ਡਾਕੂਮੈਟ ਤੇ ਹਲਫੀਆ ਬਿਆਨ ਲੈ ਲਏ ਜਾਣ ।

## ਪੈਨਸ਼ਨ ਦੀ ਕੈਲਕੂਲੇਸ਼ਨ ਲਈ ਟੋਟਲ ਸਰਵਿਸ

DOJ - DOR - NON QUALIFYING SERVICE PWERIOD

NON QUALIFYING SERVICE = WITHOUT PAY LEAVE AND SUSPENSION SERVICE ETC

QS = QUALIFYINFG SERVICE

QS ਨੂੰ ਬਣੀਆਂ ਛਿਮਾਹੀਆਂ ਵਿੱਚ ਬਦਲਣਾ ਹੈ ।

ਮੰਨ ਲਵੋ ਕਿਸੇ ਕਰਮਚਾਰੀ ਦੀ ਸਰਵਿਸ 30 ਸਾਲ 7 ਮਹੀਨੇ 10 ਦਿਨ ਹੈ ਤਾਂ ਉਸਦੀ
QS 60 + 1 = 61 ਛਿਮਾਹੀਆਂ ਹੋਣਗੀਆਂ

ਜੇਕਰ ਸਮਾਂ 3 ਮਹੀਨੇ ਤੋ ਵੱਧ ਹੈ ਤਾਂ ਉਸਨੂੰ 1 ਛਿਮਾਹੀ ਮੰਨਿਆ ਜਾਵੇਗਾ
ਹੁਣ 1 ਮਹੀਨੇ 10 ਦਿਨ 0 ਛਿਮਾਹੀ ਹੈ ।

23 ਸਾਲ 5 ਮਹੀਨੇ 10 ਦਿਨ ਕੁੱਲ 46 ਜਮਾਂ 1 ਛਿਮਾਹੀ 47 ਛਿਮਾਹੀਆਂ ਬਣਦੀ ਹੈ ।

ਜਿਹੜੀ ਤਨਖਾਹ ਕਰਮਚਾਰੀ ਆਪਣੀ ਆਖਰੀ ਤਨਖਾਹ ਸਮੇ ਲੈ ਰਿਹਾ ਹੈ ਉਸੇ ਨੂੰ ਪੈਨਸ਼ਨ ਦਾ ਆਧਾਰ ਮੰਨਣਾ ਹੈ

ਪੂਰੀ ਪੈਨਸ਼ਨ ੵ ਲਾਸਟ ਪੇ ( ਬੇਸਿਕ ਜਮਾਂ ਗਰੇਡ ਜਮਾਂ ਆਈਆਰ ) / 2

ਪੂਰੀ ਪੈਨਸ਼ਨ ਲਾਸਟ ਪੇ ਦਾ 50 ਪ੍ਰਤੀਸ਼ਤ ਹੈ ।

ਇਸ ਵਿੱਚ ਡੀਏ ਇਨਕਲੂਡ ਨਹੀ ਕਰਨਾ ਹੈ ।

ਪੈਨਸ਼ਨ ਜੋ ਲੱਗਣੀ ਹੈ । = ਪੂਰੀ ਪੈਨਸ਼ਨ ਗੁਣਾ QS / 50 ਛਿਮਾਹੀਆਂ

ਜੇਕਰ QS = 67 ਛਿਮਾਹੀਆਂ ਤਾਂ ਮੈਕਸੀਮਮ QS = 50 ਛਿਮਾਹੀਆਂ ਹੀ ਮੰਨੀ ਜਾਵੇਗੀ ਤਾਂ

FULL PENSION = PENSION

ਇਸ ਵਿੱਚ 50 ਦਾ ਮਤਲਬ ਹੈ 25 ਸਾਲ ਦੀ ਪੂਰੀ ਸਰਵਿਸ

ਮਤਲਬ 25 ਸਾਲ ਦੀ ਸਰਵਿਸ ਪੂਰੀ ਹੋਣ ਉਪਰੰਤ ਕਰਮਚਾਰੀ ਪੂਰੀ ਪੈਨਸ਼ਨ ਦਾ ਹੱਕਦਾਰ ਹੈ ।

ਉਦਾਹਰਨ ਦੇ ਤੌਰ ਤੇ

ਜੇਕਰ ਕਿਸੇ ਕਰਮਚਾਰੀ ਦੀ E = 30000 ਹੈ
E = BP + GP + IR

ਅਤੇ QS = 48 ਹੈ ਤਾਂ

FULL PENSIPN = 15000
PENSION = 15000 * 48/50 = 12000

ਜੇਕਰ ਉਸੇ ਹੀ ਕਰਮਚਾਰੀ ਦੀ QS = 50 ਤਾ ਉਸਦੀ

PENSION = FULL PENSION

# ਏਪੀ ਸ਼ਰਮਾ ਕੇਸ

ਇਸ ਕੇਸ ਵਿੱਚ ਕਰਮਚਾਰੀ ਦੀ ਗਰੇਡ ਪੇ ਦਸੰਬਰ 2011 ਨੂੰ ਗਰੇਡ ਰੀਵਾਈਜ ਹੋਣ ਕਾਰਨ ਵੱਧ ਗਈ ।

ਮੰਨ ਲਵੋ ਪਹਿਲਾਂ 20000 + 3600 ਸੀ
ਬਾਅਦ ਵਿੱਚ 20000 + 5000 ਹੋ ਗਈ

ਅਤੇ ਉਹ ਕਰਮਚਾਰੀ ਦਸੰਬਰ ਵਿੱਚ ਰਿਟਾਇਰ ਹੋ ਗਿਆ

ਇਸ ਵਿੱਚ ਕੋਰਟ ਨੇ ਇਹ ਫੈਸਲਾ ਦਿੱਤਾ ਕਿ ਉਸ ਕਰਮਚਾਰੀ ਨੂੰ ਪੈਨਸ਼ਨ 20000 + 5000 * QS /66 ਦਾ ਲਾਭ ਦਿੱਤਾ ਜਾਵੇ

ਉਸ ਸਮੇ 66 ਛਿਮਾਹੀਆ ਮੈਕਸੀਮਮ ਸਨ

ਉਸ ਕੇਸ ਵਿੱਚ ਕੋਰਟ ਨੇ ਇਹ ਫੈਸਲਾ ਵੀ ਦਿੱਤਾ ਕਿ 18450 /2 ਦੇ ਹਿਸਾਬ ਨਾਲ 9225 ਰੁਪੈ ਘੱਟ ਤੋ ਘੱਟ ਪੈਨਸ਼ਨ ਫਿਕਸਡ ਕੀਤੀ ਜਾਵੇ
ਜਿਹੜੇ ਕਰਮਚਾਰੀ 9225 ਤੋ ਘੱਟ ਲੈ ਰਹੇ ਸਨ , ਉਹਨਾਂ ਦੀ ਪੈਨਸ਼ਨ ਰਿਵਾਈਜਡ ਹੋਈ ਅਤੇ ਜੋ ਪਹਿਲਾਂ ਹੀ 9225 ਰੁਪੈ ਤੋ ਵੱਧ ਲੈ ਰਹੇ ਸਨ ,

ਉਹਨਾਂ ਨੂੰ ਕੋਈ ਲਾਭ ਨਹੀ ਹੋਇਆ ।

# ਪੈਨਸ਼ਨ ਕਮਿਊਟੇਸ਼ਨ

ਕੋਈ ਵੀ ਕਰਮਚਾਰੀ ਜਿਸਨੂੰ ਰਿਟਾਇਰਮੈਂਟ ਤੇ ਪੈਸੇ ਦੀ ਜਰੂਰਤ ਹੈ , ਆਪਣੀ ਪੈਨਸ਼ਨ ਕਮਿਊਟ ਕਰਵਾ ਸਕਦਾ ਹੈ 30 ਪ੍ਰਤੀਸ਼ਤ ਤੱਕ , ਅਤੇ ਕੋਈ ਵੀ ਲੰਮ ਸਮ ਰਾਸ਼ੀ ਲੈ ਸਕਦਾ ਹੈ , ਉਸਦੇ ਇਵਜ ਵਿੱਚ

ਜੇਕਰ ਕਿਸੇ ਦੀ ਪੂਰੀ ਪੈਨਸ਼ਨ 30000 ਹੈ ਤਾਂ ਪੈਨਸ਼ਨ 15000 ਰੁਪੈ ਤਾਂ

ਉਹ 4500 ਰੁਪੈ ਪੈਨਸ਼ਨ ਕਮਿਊਟ ਕਰਵਾ ਕੇ ਉਸਦੀ ਪੈਨਸ਼ਨ 10500 ਰੁਪੈ ਲੱਗੇਗੀ ਅਤੇ ਉਸਨੂੰ ਇੱਕ ਲਮ ਸਮ ਰਾਸ਼ੀ ਜੋ ਕਿ ਹੇਠ ਲਿਖੇ ਫਾਰਮੂਲੇ ਨਾਲ ਕੈਲਕੂਲੇਟ ਕੀਤੀ ਜਾਂਦੀ ਹੈ ਮਿਲੇਗੀ

4500 * 12 * purcase rate

58 ਸਾਲ ਦੀ ਉਮਰ ਵਿੱਚ ਰਿਟਾਇਰ ਹੋਣ ਵਾਲੇ ਕਰਮਚਾਰੀ ਦੇ ਕੇਸ ਵਿੱਚ ਇਹ ਬਚਗਫ਼ਤੀਕ ਗ਼ਵਕ 8.371 ਹੈ
ਮਤਲਬ ਉਹ 4500 * 12 * 8.371 = 452034 ਰੁਪੈ ਲੈ ਕੇ ਪੈਨਸ਼ਨ ਕਮਿਊਟ ਕਰਵਾ ਸਕਦਾ ਹੈ ।

ਵਾਧੇ ਦੇ ਕੇਸ ਵਿੱਚ 58 ਸਾਲ ਦੀ ਉਮਰ ਤੱਕ ਹੀ QS ਮੰਨੀ ਜਾਵੇਗੀ ਨਾਂ ਕਿ ਵਾਧੇ ਦੇ ਦੋ ਸਾਲ

# ਫੈਮਲੀ ਪੈਨਸ਼ਨ

ਫੈਮਲੀ ਪੈਨਸ਼ਨ ਦੋ ਕੇਸਾ ਵਿੱਚ ਮਿਲਦੀ ਹੈ

ENHANCE RATE ਤੇ
normal rate ਤੇ

ਜੇਕਰ ਕੋਈ ਕਰਮਚਾਰੀ ਸਰਵਿਸ ਵਿੱਚ ਹੋਵੇ ਤੇ ਉਸਦੀ ਮੌਤ ਹੋ ਜਾਵੇ ਤਾਂ ਉਸਤੇ ਆਸ਼ਰਿਤ ਪਰਿਵਾਰਕ ਮੈਬਰਾਂ ਨੂੰ ਫੈਮਲੀ ਪੈਨਸ਼ਨ

ENHANCE RATE ਤੇ ਮਿਲੇਗੀ ਇਹ ਪੈਨਸਨ ਵੱਧ ਤੋ ਵੱਧ 65 ਸਾਲ ਦੀ ਉਮਰ ਤੱਕ ਜ਼ਾਂ 15 ਸਾਲ ਮਿਲਣਯੋਗ ਹੈ ।

ਉਦਾਹਰਨ ਵਜੋ ਕੋਈ ਕਰਮਚਾਰੀ 40 ਸਾਲ ਦਾ ਸੀ ਤੇ ਮੌਤ ਹੋ ਗਈ ਤਾਂ ਉਸਦੇ ਪਰਿਵਾਰਕ ਮੈਬਰਾਂ ਨੂੰ 55 ਸਾਲ ਭਾਵ 15 ਸਾਲ ਤੱਕ ਇਹ ਪੈਨਸ਼ਨ ਮਿਲੇਗੀ
ਜੇਕਰ ਕੋਈ ਕਰਮਚਾਰੀ 51 ਸਾਲ ਦਾ ਸੀ ਤੇ ਮੌਤ ਹੋ ਗਈ ਤਾਂ 14 ਸਾਲ ਪੈਨਸਨ ਮਿਲੇਗੀ ।

ਜੇਕਰ ਬੇਸਿਕ ਪੇ 10000 ਤੋ ਘੱਟ ਹੈ ਤਾਂ 60 ਪ੍ਰਤੀਸ਼ਤ ਦੇ ਹਿਸਾਬ ਨਾਲ
ਜੇਕਰ ਬੇਸਿਕ ਪੇ 10000 ਤੋ ਵੱਧ ਹੈ ਤਾਂ 50 ਪ੍ਰਤੀਸ਼ਤ ਦੇ ਹਿਸਾਬ ਨਾਲ

**ENHANCEDS rate** ਤੇ ਮਿਲੇਗੀ ।

**NORMAL RATE**

ਜੇਕਰ ਕੋਈ ਕਰਮਚਾਰੀ ਰਿਟਾਇਰ ਹੋ ਗਿਆ ਤੇ ਪੈਨਸ਼ਨਰ ਬਣ ਗਿਆ , ਪਰੰਤੂ ਉਸਦੀ ਮੌਤੀ ਹੋ ਗਈ ਤਾਂ ਉਸਤੇ ਆਸ਼ਰਿਤ ਪਤਨੀ ਨੂੰ ਸਾਰੀ ਜਿੰਦਗੀ ਇਹ ਮਿਲੇਗੀ ।

ਜੇਕਰ ਬੇਸਿਕ ਪੇ 10000 ਤੋ ਘੱਟ ਹੈ ਤਾਂ 50 ਪ੍ਰਤੀਸ਼ਤ ਫਿਕਸਡ
ਜੇਕਰ ਬੇਸਿਕ ਪੇ 10000 ਤੋ ਵੱਧ ਹੈ ਤਾਂ 30 ਪ੍ਰਤੀਸ਼ਤ ਫਿਕਸਡ

# ਗਰੈਚੂਟੀ

E = BP + GP + IR + DA

ਗਰੈਚੂਟੀ ਲਈ ਡੀਏ ਈ ਵਿੱਚ ਅਕਾਊਟ ਕਰੇਗਾ । ਪਰੰਤੂ ਪੈਨਸ਼ਨ ਲਈ ਨਹੀ

ਫਾਰਮੂਲਾ = E * QS / 4

ਜੇਕਰ ਕਵਾਲੀਫਾਈਗ ਸਰਵਿਸ ਜਿਆਦਾ ਹੈ ਤਾਂ ਗਰੈਚੂਟੀ ਵੱਧ ਮਿਲੇਗੀ , ਪਰੰਤੂ ਮੈਕਸੀਮਮ 1000000 ਹੈ , 10 ਲੱਖ ਤੋ ਵੱਧ ਗਰੈਚਟੀ ਨਹੀ ਮਿਲਦੀ ਹੈ ।

ਏ ਬੀ ਸੀ ਕੈਟਾਗਰੀ ਲਈ ਵੱਧ ਤੋ ਵੱਧ ਛਿਮਾਹੀਆਂ 66 ਹਨ ਤੇ ਡੀ ਲਈ 70 ਇਸ ਤੋ ਵੱਧ ਛਿਮਾਹੀਆਂ ਗਰੈਚਟੀ ਲਈ ਅਕਾਊਟ ਨਹੀ ਕਰਦੀਆਂ ।

ਜੇਕਰ ਕਿਸੇ ਕਰਮਚਾਰੀ ਦੀ ਮੌਤ ਡਿਊਟੀ ਦੌਰਾਨ ਹੋ ਜਾਵੇ ਤਾਂ ਉਸਨੂੰ ਦੁੱਗਣੀ ਗਰੈਚਟੀ ਮਿਲਦੀ ਹੈ

ਫਾਰਮੂਲਾ = E * QS / 2

ਪ੍ਰੰਤੂ ਇਹ ਨਹੀ ਕਿ ਗਰੈਚਟੀ 20 ਲੱਖ ਮਿਲੇਗੀ , ਇਹ ਵੱਧ ਤੋ ਵੱਧ 10 ਲੱਖ ਹੀ ਹੈ ।

ਗਰੈਚਟੀ ਲਈ ਕਰਮਚਾਰੀ ਦੀ 5 ਸਾਲ ਘੱਟ ਤੋ ਘੱਟ ਸਰਵਿਸ ਜਰੂਰੀ ਹੈ ।

**ਗਰੈਚਟੀ ਦੇ ਫਾਰਮੂਲੇ**

ਜੇਕਰ ਸਰਵਿਸ 1 ਸਾਲ ਤੋ ਘੱਟ ਹੈ E * 2
1ਤੋ 5 ਸਾਲ E* 6
5 ਤੋ 12 ਸਾਲ E* 12
12 ਸਾਲ ਤੋ ਵੱਧ ਉਹੀ ਗਰੈਚਟੀ ਦਾ ਫਾਰਮੂਲਾ ਲੱਗੇਗਾ ।

ਗਰੈਚਟੀ ਕਿਸਨੂੰ ਨਹੀ ਮਿਲਦੀ
ਡਿਸਮਿਸ ਹੋਏ ਨੂੰ , ਰਿਜਾਈਨ ਦੇਣ ਤੇ
ਐਕਸ ਸਰਵਿਸ ਮੈਨ ਨੂੰ ਦੁਬਾਰਾ ਨੌਕਰੀ ਤੇ ਰੱਖਣ ਤੇ
ਪੈਨਸ਼ਨਰ ਨੂੰ ਦੁਬਾਰਾ ਨੌਕਰੀ ਤੇ ਰੱਖਣ ਤੇ

# ਐਕਸ ਗ੍ਰੇਸੀਆ

ਜੇਕਰ ਕਿਸੇ ਕਰਮਚਾਰੀ ਦੀ ਮੌਤ ਨੌਕਰੀ ਦੌਰਾਨ ਹੋ ਜਾਵੇ ਤਾਂ ਉਸਨੂੰ 100000 ਰੁਪੈ ਐਕਸ ਗ੍ਰੇਸ਼ੀਆ ਮਿਲਦਾ ਹੈ , ਪਹਿਲਾਂ ਇਹ ਰਕਮ 50000 ਸੀ
ਜੇਕਰ ਸਰਵਿਸ ਵਿੱਚ ਮੌਤ ਸਰਵਿਸ ਦੇ ਕਾਰਨਾਂ ਕਰਕੇ ਹੋਈ ਹੋਵੇ ਤਾਂ ਇਹ ਦੋ ਲੱਖ ਤੋ 4 ਲੱਖ ਤੱਕ ਮਿਲਦੀ ਹੈ ।
ਜੇਕਰ ਦੰਗਿਆਂ ਦੌਰਾਨ ਮੌਤ ਹੋਈ ਹੋਵੇ ਤਾਂ ਇਹ 10 ਲੱਖ ਰੁਪੈ ਤੱਕ ਮਿਲਦੀ ਹੈ ।

ਵਾਧੇ ਵਾਲੇ ਕਰਮਚਾਰੀਆਂ ਨੂੰ ਐਕਸ ਗ੍ਰੇਸੀਆ ਦਾ ਲਾਭ ਨਹੀ ਮਿਲਦਾ ਜੇਕਰ ਵਾਧੇ ਦੌਰਾਨ ਮੌਤ ਹੋ ਜਾਂਦੀ ਹੈ ।

# ਲੀਵ ਇਨਕੈਸ਼ਮੈਟ

ਸਿਰਫ ਰਿਟਾਇਰਮੈਟ ਤੇ ਹੀ ਮਿਲੇਗੀ ਤੇ ਵੱਧ ਤੋ ਵੱਧ ਜੁੜੀ ਹੋਈ ਕਮਾਈ ਛੁੱਟੀ ਦਾ 300 ਦਿਨ ਦੀ ਹੀ ਮਿਲੇਗੀ ।
ਕੋਈ ਵੀ ਕਰਮਚਾਰੀ ਆਪਣੀ ਸਰਵਿਸ ਦੌਰਾਨ ਜੁੜੀਆਂ ਹੋਈਆਂ ਛੁੱਟੀਆਂ ਵਿੱਚ 300 ਦਿਨ ਦਾ ਹੀ ਲੀਵ ਇਨਕੈਸ਼ਮੈਟ ਦਾ ਲਾਭ ਲੈ ਸਕਦਾ ਹੈ
ਤੇ ਆਖਰੀ ਸਾਲ 120 ਦਿਨ ਦੀ ਹੀ ਕਮਾਈ ਛੁੱਟੀ ਸਮੇਤ ਇਹ 300 ਦਿਨ ਲੈ ਸਕਦਾ ਹੈ । ਭਾਵ ਕਿ ਜੇਕਰ ਕਰਮਚਾਰੀ ਦੀ ਕਮਾਈ ਛੁੱਟੀ 450 ਹੈ ਤਾਂ ਉਸਨੂੰ 300 ਦਿਨ ਦੀ ਲੀਵ ਇਨਕੈਸ਼ਮੈਟ ਤੇ 120 ਦਿਨ ਦੀ ਛੁੱਟੀ ਹੀ ਮਿਲੇਗੀ । ਨਾਂ ਕਿ 150 ਦਿਨ ਦੀ

ਲੀਵ ਇਨਕੈਸ਼ਮੈਟ ਦਾ ਫਾਰਮੂਲਾ

E= BP + GP + IR + DA

LEAVE ENCASHMENT = E* 300 / 30

ਕੋਈ ਵੀ ਕਰਮਚਾਰੀ ਸਾਲ ਦੇ ਅੰਦਰ ਅੰਦਰ ਆਪਣੀ ਪੈਨਸ਼ਨ ਕਮਿਊਟ ਕਰਵਾ ਸਕਦਾ ਹੈ ਇਹ ਜੇਕਰ ਇੱਕ ਵਾਰ ਕਰਵਾ ਲਈ ਦੁਬਾਰਾ ਨਹੀ ਬਦਲੀ ਜਾਵੇਗੀ ।

**ਐਕਸ ਗ੍ਰੇਸ਼ੀਆ ਦੀ ਮੰਨਜੂਰੀ ਡੀਡੀਓ ਪੱਧਰ ਤੇ ਦਿੱਤੀ ਜਾ ਸਕਦੀ ਹੈ ।**

# ਇਨਕਮ ਟੈਕਸ ਸਬੰਧੀ

ਇਨਕਮ ਟੈਕਸ ਵਿੱਚ ਬਣਦੇ ਟੀਡੀਐਸ ਦੀ ਕਟੌਤੀ ਪਿਛਲੇ ਸਾਲ ਦੇ ਕੁੱਲ ਕੱਟੇ ਗਏ ਟੈਕਸ /12 ਦੇ ਹਿਸਾਬ ਨਾਲ ਕਰਮਚਾਰੀ ਦੀ ਤਨਖਾਹ ਵਿੱਚ ਹਰ ਮਹੀਨੇ ਉਸੇ ਹਿਸਾਬ ਨਾਲ ਕੱਟਣੀ ਹਰ ਹਾਲਤ ਵਿੱਚ ਜਰੂਰੀ ਹੈ ।

**ਕਰਮਚਾਰੀ ਆਪਣੇ ਟੈਕਸ ਕੈਲਕੂਲੇਟਿੰਗ ਵਿੱਚ 80 G ਦੇ ਅਧੀਨ ਛੋਟ ਨਹੀ ਲੈ ਸਕਦਾ । ਇਹ ਛੋਟ ਪਰਸਨਲ ਰਿਟਰਨ ਭਰਨ ਸਮੇ ਕਲੇਮ ਕੀਤੀ ਜਾਵੇ**

# ਖਰੀਦ ਪਰਚੇਸ ਸਬੰਧੀ

500 ਰੁਪੈ ਇੱਕ ਵਾਰ
ਤੇ 5000 ਰੁਪੈ ਸਾਲ ਵਿੱਚ ਵੱਧ ਤੋ ਵੱਧ ਬਗੈਰ ਕੁਟੇਸ਼ਨਾਂ ਦੇ ਸਮਾਨ ਖਰੀਦਿਆ ਜਾ ਸਕਦਾ ਹੈ । ਪਰੰਤੂ ਜੇਕਰ ਵੱਧ ਹੈ ਤਾਂ 6 ਵੈਡਰ ਤੋ ਕੁਟੇਸ਼ਨਾਂ ਜਰੂਰੀ ਹਨ

**1000 ਰੁਪੈ ਤੋ ਵੱਧ ਕੋਸ਼ਿਸ ਕੀਤੀ ਜਾਵੇ ਚੈੱਕ ਕੱਟਿਆ ਜਾਵੇ ।**

ਹਰ ਖਰੀਦੇ ਸਮਾਨ ਦੀ ਸਟਾਕ ਰਜਿਸਟਰ ਵਿੱਚ ਐਟਰੀ ਕੀਤੀ ਜਾਵੇ ਤੇ ਸਮਾਨ ਉਸ ਅਨੁਸਾਰ ਵੰਡ ਕੇ ਕਰਮਚਾਰੀ ਨੂੰ ਲਿਖਤ ਰੂਪ ਵਿੱਚ ਦਿੱਤਾ ਜਾਵੇ ਤੇ ਰਿਕਾਰਡ ਰੱਖਿਆ ਜਾਵੇ ।

# ਕਿਸੇ ਵੀ ਰਿਕਾਰਡ ਜਾਂ ਸਟਾਕ ਦਾ ਚਾਰਜ ਦੇਣ ਸਬੰਧੀ

ਚਾਰਜ ਦੇਣ ਵਾਲਾ ਲਿਖਿਤ ਰੂਪ ਵਿੱਚ ਸਟਾਕ ਜਾਂ ਰਿਕਾਰਡ ਦੀ ਵੈਰੀਫਿਕੇਸ਼ਨ ਸਬੰਧਤ ਅਫਸਰ ਤੋ ਕਰਵਾਉਣ ਉਪਰੰਤ ਚੈਕ ਕਰਵਾ ਕੇ ਦੇਣ ਵਾਲੇ ਨੂੰ ਦੇਵੇਗਾ

ਚਾਰਜ ਲੈਣ ਵਾਲਾ ਵਿਅਕਤੀ ਚਾਰਜ ਲੈਣ ਉਪਰੰਤ ਉਸਦੀ ਦੁਬਾਰਾ ਵੈਰੀਫਿਕੇਸ਼ਨ ਸਬੰਧਤ ਅਫਸਰ ਤੋ ਕਰਵਾਏਗਾ ਕਿ ਹੇਠ ਲਿਖਿਆ ਰਿਕਾਰਡ ਜਾਂ ਸਟਾਕ ਸਬੰਧਤ ਵਿਅਕਤੀ ਤੋ ਪ੍ਰਾਪਤ ਕੀਤਾ ਹੈ ।

ਦੋਹਾਂ ਦੇ ਹਸਤਾਖਰ ਲਿਖਿਤ ਰੂਪ ਵਿੱਚ ਵੈਰੀਫਿਕੇਸ਼ਨ ਅਫਸਰ ਆਪਣੇ ਹਸਤਾਖਰਾਂ ਸਮੇਤ ਕਰੇਗਾ ।

**ਕਿਸੇ ਵੀ ਦਫਤਰ ਵਿੱਚ 5000 ਰੁਪੈ ਤੋ ਵੱਧ ਦਾ ਡੈਡ ਸਟਾਕ ਸਬੰਧਤ ਅਫਸਰ ਆਪਣੀ ਮੰਨਜੂਰੀ ਤਹਿਤ ਵੇਚ ਸਕਦਾ ਹੈ ।**
**ਇਸ ਤੋ ਵੱਧ ਲਈ ਅਗਲੇ ਪੱਧਰ ਦੀ ਮੰਨਜੂਰੀ ਲੈਣੀ ਪਵੇਗੀ ।**

ਕੋਈ ਵੀ ਕੈਸ਼ 1 ਦਿਨ ਤੋ ਵੱਧ ਆਪਣੇ ਕੋਲ ਨਹੀ ਰੱਖਣਾ । ਕੈਸ਼ ਉਸੇ ਦਿਨ ਡਿਸਪੋਜ ਕਰਨਾ ਹੈ । ਸਬੰਧਤ ਡੀਡੀਓ ਦੀ ਜਿੰਮੇਵਾਰੀ ਹੈ

ਕੋਈ ਵੀ ਫੰਡ ਵਿੱਚ ਕੈਸ਼ ਉਸ ਸਮਾਨ ਨੂੰ ਖਰੀਦਣ ਤੋ ਉਪਰੰਤ ਹੀ ਕਢਵਾਇਆ ਜਾਵੇ ਨਾਂ ਕਿ ਪਹਿਲਾਂ ( ਆਡਿਟ ਐਬਜੈਕਸ਼ਨ )

ਚੈਕ ਦੀ ਵੈਲੀਡਿਟੀ ਜਾਰੀ ਹੋਣ ਤੋ ਉਸੇ ਮਹੀਨੇ ਦੀ ਅਖੀਰਲੀ ਤਾਰੀਕ ਤੋ ਅਗਲੇ ਤਿੰਨ ਮਹੀਨੇ ਤੱਕ ਵੈਲਿਡ ਹੈ

ਚੈਕ ਵੀ ਕੈਸ਼ ਦੀ ਤਰਾਂ ਉਸੇ ਦਿਨ ਹੀ ਡਿਸਪੋਜ ਕੀਤਾ ਜਾਂਵੇ

ਜੀਪੀਫੰਡ ਵਿੱਚ ਕੋਈ ਵੀ ਰਿਕਵਰੀ ਨਹੀ ਹੋ ਸਕਦੀ ।